# ਅੰਮ੍ਰਿਤ ਕੀਰਤਨ



# AMRIT KIRTAN

ੴ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਨਵੰਬਰ 2003




ਵਿਦਿਆਰਥੀ ਕੀਰਤਨ ਦਰਬਾਰ ਦੀਆਂ ਝਲਕੀਆਂ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 11 ◆ ਸਾਲ ਪੰਦਰਵਾਂ ◆ ਨਵੰਬਰ 2003

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail: drjagirsingh@rediffmail.com

| | |
|---|---|
| ਚਾਨਣ ਦਾ ਵਾਕ<br>*ਮਨਮੋਹਨ ਸਿੰਘ ਦਾਊਂ* | 2 |
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 3 |
| ਕਰਉ ਬੇਨੰਤੀਆ<br>*ਸੰਪਾਦਕੀ* | 5 |
| ਗੁਰਮਤਿ ਸੰਗੀਤ ਤੇ ਗੁਰੂ ਕੇ ਕੀਰਤਨੀਏ<br>*ਪ੍ਰਿੰਸੀਪਲ ਦਿਆਲ ਸਿੰਘ* | 6 |
| ਹਰਿਮੰਦਰ ਸਾਹਿਬ ਦੀ ਸੰਗੀਤ ਪਰੰਪਰਾ<br>*ਡਾ. ਦਰਸ਼ਨ ਸਿੰਘ ਨਰੂਲਾ* | 10 |
| ਕਿਨ ਜਪਿਓ ਗੁਰਮੰਤ ?<br>*ਕਰਤਾਰ ਸਿੰਘ ਨੀਲਧਾਰੀ* | 13 |
| ੧ਓ ਸਤਿਨਾਮ ਦਾ ਆਪਸੀ ਸੰਬੰਧ<br>*ਸੋਹਣ ਸਿੰਘ* | 16 |
| ਸੁਪਨੇ<br>*ਡਾ. ਜਾਗੀਰ ਸਿੰਘ* | 19 |
| ਰਾਗ ਮਾਲਾ<br>*ਭਾਈ ਕਰਮ ਸਿੰਘ ਰਤਨ* | 21 |
| भारतीय संगीत में अवनद्ध वाद्यों की उपयोगिता<br>*मुरली मनोहर* | 23 |
| ਸੁਰ ਲਿਪੀਆਂ<br>*ਗੁਰਨਾਮ ਸਿੰਘ* | 27 |

**Title Designed by Ajay Yashpaul**
# 3092, Sector 37-D, Chd. Mb: 9815481273, 2694607 (R)

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**COMPUTER TYPE SETTING**
*sohal specials*
**Designers & Printers**
**Phone: 0172 - 5091443**

# ਚਾਨਣ ਦਾ ਵਾਕ

ਮਨਮੋਹਨ ਸਿੰਘ ਦਾਊਂ
280, ਫੇਜ਼ 6, ਮੁਹਾਲੀ

ਉਸ ਨੇ ਮਾਲਾ ਦੇ ਮਣਕਿਆਂ ਨਾਲ
ਨਹੀਂ ਮਿਣਿਆ ਪ੍ਰਭੂ ਦਾ ਆਕਾਰ ਕੋਈ
ਜਾਂ ਰੂਪ ਕੋਈ।

ਉਸ ਨੇ ਕੋਈ ਅਗਰਬੱਤੀ ਨਹੀਂ ਧੁਫ਼ਾਈ
ਕਿਸੇ ਸ਼ਿਵਦਿਆਲੇ ਅੰਦਰ
ਉਪਾਸਨਾ ਖਾਤਰ।

ਉਸ ਨੇ ਜਲ-ਪੂਜਾ ਦਾ ਕੋਈ ਭਰਮ
ਨਹੀਂ ਪਾਲਿਆ
ਕੰਢਿਆਂ ਉੱਤੇ।

ਉਸ ਨੇ ਸਮਾਧੀ ਦੇ ਅਰਥ ਨਹੀਂ ਦੱਸੇ
ਮੋਨ ਧਾਰ ਕੇ
ਸਿਊਂਕ ਬਣ ਜਾਣਾ ਵਰ੍ਹਿਆਂ ਬੱਧੀ।

ਉਸ ਨੇ ਕਿਸੇ ਰੰਗ ਦੇ ਵਸਤਰ
ਜਾਂ ਕੀਮਤੀ ਚੋਲੇ
ਪਹਿਨ ਜੋਗ ਨਹੀਂ ਧਾਰਿਆ
ਪਿੰਡੇ ਨੂੰ ਵੱਖ ਕਰ ਆਤਮਾ ਕੋਲੋਂ।

ਉਸ ਨੇ ਕਰਮ-ਕਾਂਡਾਂ ਦੇ ਮੰਤਰਾਂ ਦੀ
ਨਹੀਂ ਕੀਤੀ
ਪਰਦੱਖਣਾ ਹਰਗਿਜ਼।

ਉਸ ਨੇ ਤਿਆਗ ਦੇ ਅਰਥ ਨਹੀ ਦੱਸੇ
ਕਿ ਜੰਗਲਾਂ, ਗੁਫਾਵਾਂ ਜਾਂ ਪਰਬਤਾਂ 'ਚ
ਲੁਪਤ ਹੋ ਜਾਣਾ।

ਉਸ ਨੇ ਕਿਸੇ ਵੀ ਵਰਨ ਨੂੰ
ਵੱਖ ਨਹੀਂ ਕੀਤਾ
ਮਨੁੱਖ ਦੇ ਜਨਮ ਦੀ ਕੁੱਖ ਨਾਲੋਂ।

ਕੋਈ ਥਾਂ ਨਹੀਂ ਸੀ ਗ਼ੈਰਹਾਜ਼ਰ
ਕਾਦਰ ਲਈ ਉਸ ਖਾਤਰ
ਉਹ ਦਾ ਸਗਲ ਜੀਵਾਂ ਲਈ
ਉਪਦੇਸ਼ ਸੀ ਸਾਂਝਾ।

ਉਸ ਕੋਲ ਸੀ ਸ਼ਬਦ ਦਾ ਸੂਰਜ
ਸੰਗੀਤ ਵਿੱਚ ਰੰਗਿਆ
ਰਬਾਬ ਦਾ ਮਿੱਤਰੀ ਚਿਹਰਾ।

ਉਸ ਕੋਲ ਦੁਖ-ਸੁਖ ਦੀ ਆਭਾ ਨੂੰ
ਸਮਦਰਸ਼ੀ ਕਰਨ ਦੀ
ਜੁਗਤ ਸੀ ਵੱਖਰੀ।

ਉਸ ਦੀ ਚਾਨਣ ਨਾਲ ਦੋਸਤੀ ਸੀ ਗੂੜ੍ਹੀ
ਤੇ ਹਨੇਰੇ ਨਾਲ ਸੀ
ਟੱਕਰ ਪੂਰੀ

ਉਸ ਕੋਲ ਤਰਕ ਦੀ ਸੀ ਚੇਤਨਾ ਤਿੱਖੀ
ਤੇ ਸਾਹਸ ਦਾ ਸਮੁੰਦ ਡੂੰਘਾ
ਜੋ ਜੱਗ ਲਈ ਉਦਾਸੀਆਂ ਰਿਹਾ ਕਰਦਾ।

ਉਹ ਨਦਰੀ ਪੈਂਡਿਆਂ ਦਾ ਪਾਂਧੀ
ਬਖੇਰਨ ਬੀਜ ਚਾਨਣ ਦੇ
ਰਿਹਾ ਤੁਰਦਾ ਪੌਣ ਵਾਂਗੂ, ਦਿਨ ਵਾਂਗੂ,
ਦਰਿਆ ਵਾਂਗੂ।

ਉਹ ਸੀ ਧਰਤ ਦਾ ਚਾਨਣ
ਤੇ ਨੂਰ ਚੇਤੰਨ ਸ਼ਕਤੀ ਦਾ
ਜੋ ਹਰ ਥਾਂ ਚਾਨਣ ਦਾ ਵਾਕ ਲੈ ਬਹਿੰਦਾ।

ਉਹ ਕੌਣ ਸੀ? ਤੁਸੀਂ ਹੀ ਚਿਤਵੋ,
.....ਉਹ ਕੌਣ ਸੀ?...........

**PAGE SPONSORED BY : AHUJA FAMILY**
C-353, Defence Colony New Delhi 110 024

# ਮਿਤ੍ਰ ਅਸਾਡੜੇ ਸੇਈ

♦ ਅਕਤੂਬਰ ਦੇ 'ਅੰਮ੍ਰਿਤ ਕੀਰਤਨ' ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਵਲੋਂ ਲਿਖਿਆ ਲੇਖ, ਧਰਮ ਅਸਥਾਨਾਂ ਦੀ ਆਵਾਜ਼ ਚਾਰ ਦੀਵਾਰੀ ਦੇ ਅੰਦਰ ਹੀ ਰਹੇ। ਪੜ੍ਹ ਕੇ ਮਨ ਬਹੁਤ ਖੁਸ਼ ਹੋਇਆ ਹੈ। ਸਾਡੇ ਮਨ ਦੀ ਗਲ ਦੀ ਅਕਾਲ ਤਖ਼ਤ ਸਾਹਿਬ ਨੇ ਤਾਂ ਪ੍ਰੋੜਤਾ ਕਰ ਹੀ ਦਿੱਤੀ ਹੈ। ਦਾਸ ਨੇ ਜੋ ਕਵਿਤਾ ਭੇਜੀ ਸੀ (ਭਗਤੀ ਸੰਗੀਤ ਦੀਆਂ ਚੀਕਾਂ) ਉਹ ਇਸੇ ਗੱਲ ਤੇ ਹੀ ਸ਼ੋਰ ਪ੍ਰਦੂਸ਼ਣ ਦੇ ਅਧਾਰਤ ਹੀ ਇਕ ਵਿਅੰਗ ਭਰੀ ਕਵਿਤਾ ਸੀ। ਉਹ ਪੂਰਨ ਤੌਰ 'ਤੇ ਛਪਣੀ ਚਾਹੀਦੀ ਸੀ। ਪਰ ਤੁਸੀਂ ਕੱਟ ਵੱਢ ਕੇ ਛਾਪੀ, ਇਸ ਨਾਲ ਉਹ ਮਕਸਦ ਪੂਰਾ ਨਹੀਂ ਹੋਇਆ। ਇਹ ਠੀਕ ਹੈ ਕਿ ਕਈਆਂ ਨੂੰ ਉਹ ਚੰਗੀ ਲੱਗੀ ਤੇ ਕਈਆਂ ਨੂੰ ਚੰਗੀ ਨਹੀਂ ਲਗੀ। ਹਰ ਬੰਦੇ ਦੇ ਵਿਚਾਰ ਆਪੋ ਆਪਣੇ ਹੁੰਦੇ ਹਨ। ਸਾਡੇ ਨਾਲ ਤਾਂ ਰੋਜ਼ ਬੀਤਦੀ ਹੈ। ਜਿਥੇ ਮੈਂ ਰਹਿੰਦਾ ਹਾਂ, ਸਾਡੇ ਇਕ ਪਾਸੇ ਸ਼ਿਵ ਮੰਦਰ ਹੈ ਤੇ ਇਕ ਪਾਸੇ ਗੁਰਦੁਆਰਾ, ਸਵੇਰੇ ਦੋਹਾਂ ਪਾਸੇ ਤੋਂ ਤੜਕੇ ਜ਼ੋਰ ਦੀ (ਮੁਕਾਬਲੇ ਨਾਲ ਜਿੱਦ ਵਿਚ) ਸਪੀਕਰ ਵਜਣ ਲੱਗ ਪੈਂਦੇ ਹਨ। ਨਾ ਤਾਂ ਆਪਸ ਵਿਚ ਕੋਈ ਗਲ ਹੀ ਸੁਣੀਂਦੀ ਹੈ ਤੇ ਨਾ ਹੀ ਆਪਣਾ ਨਿਤਨੇਮ ਕਰ ਸਕੀਦਾ ਹੈ। ਪ੍ਰਸ਼ਾਸਨ ਕੋਲ ਵੀ ਕਈ ਵਾਰ ਸ਼ਿਕਾਇਤ ਕੀਤੀ ਹੈ। ਪਰ ਕੋਈ ਸੁਣਨ ਵਾਲਾ ਨਹੀਂ।

ਜਦੋਂ ਅਸੀਂ ਗੁਰਦੁਆਰੇ ਤੇ ਮੰਦਰ ਜਾ ਕੇ ਦੇਖੀਦਾ ਹੈ, ਸੰਗਤ ਅੰਦਰ ਬੈਠੀ ਹੁੰਦੀ ਹੈ। ਪਰ ਅੰਦਰ ਹਾਲ ਵਿਚ ਸਪੀਕਰ ਦੀ ਆਵਾਜ਼ ਬਿਲਕੁਲ ਨਹੀਂ ਹੁੰਦੀ, ਅੰਦਰ ਬੱਚੇ ਰੌਲਾ ਪਾ ਰਹੇ ਹੁੰਦੇ ਨੇ ਤੇ ਬਾਹਰ ਕੋਠੇ 'ਤੇ ਸਪੀਕਰ ਲਾ ਕੇ, ਲੋਕਾਂ ਨੂੰ ਬੇਅਰਾਮ ਕੀਤਾ ਜਾ ਰਿਹਾ ਹੁੰਦਾ ਹੈ। ਇਸੇ ਕਰਕੇ ਦਾਸ ਨੇ ਭਗਤੀ ਸੰਗੀਤ ਦੀਆਂ ਚੀਕਾਂ ਲਿਖਿਆ ਸੀ।

*- ਭਾਈ ਕਰਮ ਸਿੰਘ ਰਤਨ*
*3121, ਗਲੀ 3, ਨਵੀਂ ਸ਼ਿਮਲਾ ਕਲੋਨੀ,*
*ਨੇੜੇ ਕੈਲਾਸ਼ ਨਗਰ, ਲੁਧਿਆਣਾ*

♦ ਮੈਨੂੰ ਇਹ ਜਾਣਕੇ ਬੜੀ ਖੁਸ਼ੀ ਹੋਈ ਹੈ ਕਿ ਆਪ ਨੂੰ ਸੰਗੀਤ ਨਾਟਕ ਅਕਾਡਮੀ ਵਲੋਂ ਸਨਮਾਨਿਤ ਕੀਤਾ ਗਿਆ ਹੈ। ਆਪ ਜੋ 'ਅੰਮ੍ਰਿਤ ਕੀਰਤਨ' ਰਾਹੀਂ ਸੰਗਤਾਂ ਦੀ ਸੇਵਾ ਕਰ ਰਹੇ ਹੋ ਉਹ ਵਡਮੁੱਲੀ ਹੈ। ਵਾਹਿਗੁਰੂ ਆਪ ਨੂੰ ਸਿਹਤ ਬਖਸ਼ਣ।

*- ਕਮਲੇਸ਼ ਇੰਦਰ ਸਿੰਘ*
*ਦੇਵ ਸਮਾਜ ਕਾਲਜ, ਸੈਕਟਰ 45 ਬੀ, ਚੰਡੀਗੜ੍ਹ।*

♦ ਸਤੰਬਰ ਅੰਕ ਮਿਲਿਆ ਪੜ੍ਹ ਕੇ ਬੇਹੱਦ ਖੁਸ਼ੀ ਹੋਈ। 'ਅੰਮ੍ਰਿਤ ਕੀਰਤਨ' ਦੀ ਸਾਰੀ ਸਮੱਗਰੀ ਸ਼ਲਾਘਾਯੋਗ ਹੁੰਦੀ ਹੈ। ਇਕ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦੇ ਹਾਂ। ਅਸੀਂ ਰੋਜ਼ਾਨਾ ਹੀ ਅਖਬਾਰਾਂ ਵਿਚ ਐਡਵਰਟਾਈਜ਼ਮੈਂਟ ਇਸ਼ਤਿਹਾਰ ਪੜ੍ਹਦੇ ਹਾਂ ਲਿਖਿਆ ਹੁੰਦਾ ਹੈ ਕਿ ਰਾਗੀ ਜੱਥੇ ਦੀ ਲੋੜ ਜਾਂ ਗ੍ਰੰਥੀ ਸਿੰਘ ਦੀ ਲੋੜ ਤਨਖਾਹ ਯੋਗਤਾ ਮੁਤਾਬਿਕ ਮਾਫ ਕਰਨਾ ਇੰਟਰਵਿਊ ਲੈਣ ਵਾਲੇ ਪ੍ਰਬੰਧਕਾਂ ਨੂੰ ਸੰਗੀਤ ਬਾਰੇ ਕੋਈ ਖਾਸ ਜਾਣਕਾਰੀ ਨਹੀ ਹੁੰਦੀ ਅਤੇ ਨਾ ਹੀ ਪਾਠ ਦੀ ਕੋਈ ਸਿਖਿਆ ਪ੍ਰਾਪਤ ਕੀਤੀ ਹੁੰਦੀ ਹੈ। ਗੁਰਬਾਣੀ ਦੀ ਪੂਰਨ ਤੌਰ 'ਤੇ ਜਾਣਕਾਰੀ ਨਹੀ ਕੀਤੀ ਹੁੰਦੀ। ਸਿਰਫ ਜਪੁਜੀ ਸਾਹਿਬ, ਅਨੰਦ ਸਾਹਿਬ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ ਜਾਂ ਸੁਖਮਨੀ ਸਾਹਿਬ ਹੀ ਪੜ੍ਹਨਾ ਜਾਣਦੇ ਹਨ ਉਹ ਗ੍ਰੰਥੀ ਸਿੰਘ ਯੋਗਤਾ ਕਿਵੇਂ ਪਰਖ ਸਕਦੇ ਹਨ।

ਕਈ ਪ੍ਰਬੰਧਕਾਂ ਨੂੰ ਤਾਂ ਕੇਵਲ ਆਵਾਜ਼ ਦੀ ਪਰਖ ਹੁੰਦੀ ਹੈ ਰਾਗੀ ਸਿੰਘ ਜਾਂ ਪਾਠੀ ਸਿੰਘ ਦੀ ਅਵਾਜ ਹੀ ਪਰਖ ਸਕਦੇ ਹਨ। ਕਈ ਪ੍ਰਬੰਧਕਾਂ ਨੂੰ ਆਪਣੀ ਵਡਿਆਈ ਕਰਾਉਣ ਵਾਲਾ ਗ੍ਰੰਥੀ ਜਾਂ ਰਾਗੀ ਸਿੰਘ ਚਾਹੀਦਾ ਹੈ। ਉਨ੍ਹਾਂ ਨੂੰ ਗੁਰੂ ਦੀ ਵਡਿਆਈ ਦੀ ਕੋਈ ਲੋੜ ਨਹੀ। ਕਈ ਪ੍ਰਬੰਧਕ ਤਾਂ ਮੌਜੂਦਾ ਗ੍ਰੰਥੀ ਜਾਂ ਰਾਗੀ ਨੂੰ ਰੱਬ ਸਮਝਦੇ ਹਨ। ਜੇਕਰ ਮੇਰੇ ਵਰਗਾ ਕੋਈ ਸਿੰਘ ਸ਼ਬਦ ਪੜ੍ਹੇ ਤਾਂ ਚੰਗਾ ਨਹੀਂ ਸਮਝਦੇ। ਕਈ ਪ੍ਰੇਮੀ ਤਾਂ ਰਾਗੀ ਦੀ ਗੈਰਹਾਜ਼ਰੀ ਵਿਚ ਗੁਰਦੁਆਰੇ ਹੀ ਨਹੀ ਆਉਂਦੇ। ਅਸੀਂ ਕਿਸੇ ਰਾਗੀ ਗ੍ਰੰਥੀ ਦੇ ਪ੍ਰੇਮ ਦੇ ਬਧੇ ਨਹੀਂ ਆਉਣਾ ਅਸੀ ਤਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਣਾ ਹੈ ਕਿਉਂਕਿ ਗੁਰਬਾਣੀ ਵਿਚ ਅੰਕਤ ਹੈ।

*ਕੋਈ ਗਾਵੈ ਕੋ ਸੁਣੈ ਹਰਿ ਨਾਮ ਚਿਤਿ ਲਾਇ॥*

ਕਈ ਨਿਸ਼ਕਾਮ ਸੁਸਾਇਟੀਆਂ ਸ਼ਹਿਰਾਂ ਵਿਚ ਬਣੀਆਂ ਹੋਈਆਂ ਹਨ। ਉਹ ਗੁਰੂ ਨਾਲੋਂ ਤੋੜ ਕੇ ਆਪਣੇ ਨਾਲ ਜੋੜ ਰਹੇ ਹਨ ਜੋ ਕਿ ਬਿਲਕੁਲ ਗਲਤ ਹੈ। ਐਤਵਾਰ

ਨੂੰ ਸੁਭਾ ਸ਼ਾਮ ਸੁਸਾਇਟੀਆਂ ਵਾਲੇ ਘਰਾਂ ਵਿਚ ਪਾਠ ਕਰਦੇ ਹਨ। ਲੋਕ ਗੁਰਦੁਆਰੇ ਸਾਹਿਬ ਨਹੀ ਜਾਂਦੇ। ਸੁਸਾਇਟੀਆਂ ਦੇ ਪ੍ਰੋਗਰਾਮਾਂ ਨੂੰ ਪਹਿਲ ਦਿੰਦੇ ਹਨ। ਜੋ ਕਿ ਗਲਤ ਹੈ ਸੁਸਾਇਟੀਆਂ ਨੇ ਕਮਾਈ ਦਾ ਸਾਧਨ ਬਣਾਇਆ ਹੈ। ਗੁਰਦੁਆਰਾ ਸਾਹਿਬਾਨਾਂ ਤੋਂ ਗੁਰੂ ਗ੍ਰੰਥ ਸਾਹਿਬ ਲਿਜਾ ਕੇ ਮਾਇਆ ਆਪ ਘਰਾਂ ਨੂੰ ਚੁੱਕ ਕੇ ਲੈ ਜਾਂਦੇ ਹਨ। ਜਿਸ ਗੁਰਦੁਆਰਾ ਸਾਹਿਬ ਤੋਂ ਸਰੂਪ ਲਿਆਂਦਾ ਜਾਵੇ ਉਥੇ ਹੀ ਸਾਰੀ ਮਾਇਆ ਭੇਟ ਕੀਤੀ ਜਾਵੇ ਤਾਂ ਕਿ ਗੁਰਦੁਆਰਾ ਸਾਹਿਬਾਨਾਂ ਦੀ ਵੱਧ ਤੋਂ ਵੱਧ ਸੇਵਾ ਹੋ ਸਕੇ।

ਅਕਤੂਬਰ ਅੰਕ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਜੀ ਦੇ ਵਿਚਾਰ, ਭਾਈ ਅਮਰੀਕ ਸਿੰਘ ਜੀ ਜਖਮੀਂ ਬਾਰੇ ਡਾ. ਜਤਿੰਦਰ ਸਿੰਘ ਜੌਲੀ ਵਲੋਂ, ਭਾਈ ਅਵਤਾਰ ਸਿੰਘ ਵਲੋਂ ਲੇਖ ਵਿਚ ਭਾਈ ਰਜਿੰਦਰ ਸਿੰਘ ਸਿੰਘਪੁਰੀ ਬਾਰੇ ਪੜ੍ਹਿਆ ਜੋ ਸੰਤ ਬਾਬਾ ਤੀਰਥ ਸਿੰਘ ਜੀ ਸੇਵਾ ਪੰਥੀ ਨਾਲ ਕੀਰਤਨ ਕਰਦੇ ਰਹੇ ਸਨ। ਬਹੁਤ ਹੀ ਮਿਠ ਬੋਲੜੇ ਸੁਭਾਅ ਦੇ ਮਾਲਕ ਸਨ। ਦਾਸ ਨੂੰ ਬਹੁਤ ਹੀ ਵਾਰੀ ਭਾਈ ਰਜਿੰਦਰ ਸਿੰਘ ਜੀ ਦਾ ਕੀਰਤਨ ਸੁਣਨ ਦਾ ਮੌਕਾ ਮਿਲਿਆ। ਉਹ ਹਰ ਪ੍ਰੋਗਰਾਮ ਤੇ ਸ਼ਬਦ ***"ਸਭਨਾ ਜੀਆਂ ਦਾ ਇਕ ਦਾਤਾ ਸੋ ਮੈਂ ਬਿਸਰ ਨਾ ਜਾਈ।"*** ਪੜ੍ਹਿਆ ਕਰਦੇ ਸਨ। ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲਿਆਂ ਨੇ ਗਲੀਂ ਜੋਗ ਨਾ ਹੋਈ ਕੈਸਟ ਤੋਂ ਲੈ ਕੇ ਬਹੁਤ ਸਾਰੀਆਂ ਕੈਸਟਾਂ ਵਿਚ ਉਨ੍ਹਾਂ ਦੀ ਹੀ ਕਾਪੀ ਕੀਤੀ ਹੈ। 90 ਪ੍ਰਤੀਸ਼ਤ ਗੀਤ ਉਨ੍ਹਾਂ ਦੀ ਹੀ ਕਾਪੀ ਹਨ।

*- ਪ੍ਰੋ. ਮੰਗਤ ਸਿੰਘ ਮਸਤਾਨਾ*
*ਅਸ਼ੋਕਾ ਰਿਫਰੈਸ਼ਮੈਂਟ, ਮਲੋਟ (ਮੁਕਤਸਰ)*

♦ It is really a treat to read every issue of 'Amrit Kirtan' It is a composite bouquet of flowers of various hews and shades in the form of articless on the vast subject of Gurmat Sangeet, written by celebrated illuminaries. It is a herculean task indeed to 1st collect to screen and then publish each treatise. It is highly admirable on his part to earmark last four pages for Notations of Ragaas stipulated by Guru Sahibaan for their every rendering in the holy Granth Sahib. It is very aducative for the students of Gurmat Sangeet, like me.

No where on this planet exists a holy treatise like Sri Guru Granth Sahib, which is composed of praise and prayer of the Almighty Lord in a poetic format. Guru Sahibaan have done a stupendous task and a splended miracle indeed, by reciting Gurbaani in Classical Music, thus rendering this mode of man's acclasiatical communication with God very melodious, pleasant and highly soothing. In this way, Guru Sahibaan have also done a yeoman service to the cultural heritage of India by bestowing the art of our Shastriya Sangeet with piety and sanctity and thus have made it immortally venerable! It is all matchless and unique!!

Dr. Jagir Singh Jee's contribution of Gurbaani Sangeet is remarkable which has made this humble-being not only 'Thirsty', but also 'Hungary' for the knowledge of Gurmat Sangeet, and it should be 'certainly' possible to at least touch the tip of the iceberg in the deep ocean of Gurbaani Sangeet, under his sagacious and kind guidance

*ਗੁਰੂ ਗੋਬਿੰਦ ਦੋਨੋ ਖੜੇ, ਕਾਂਕੇ ਲਾਗੋਂ ਪਾਇ ਹੋ*
*ਬਲਿਹਾਰੀ ਗੁਰ ਅਪਣੇ ਜਿਸ ਗੋਬਿੰਦ ਦੀਆ ਮਿਲਾਏ॥*

***- Dr. Tej Pal Singh Chawla***
*#1363, Sector 40-B, Chandigarh*

♦ Good wishes for good work being done. Please do keep it up.

***- Dr. (Brig.) M.L. Kataria***
*89, Sector 16-A, Chandigarh*

# ਸੁਣੇ ਹੋਏ ਨੂੰ ਪੜ੍ਹਨਾ

ਪਿਛਲੇ ਸਾਲ ਮੇਰੇ ਮਿੱਤਰ ਡਾ. ਗੁਰਮੁਖ ਸਿੰਘ ਦਾ ਸੁਨੇਹਾ ਆਇਆ ਸੀ ਕਿ ਉਹ ਡਾ. ਕਰਨੈਲ ਸਿੰਘ ਸੋਮਲ ਦੀ ਪੁਸਤਕ 'ਜੀਵਨ ਜੁਗਤਾਂ ਦੀ ਤਲਾਸ਼' ਪੜ੍ਹਨਾ ਚਾਹੁੰਦੇ ਹਨ। ਐਕਸੀਡੈਂਟ ਕਾਰਨ ਮੈਂ ਹਸਪਤਾਲ ਵਿੱਚ ਸਾਂ। ਮੈਂ ਡਾ. ਸੋਮਲ ਹੋਰਾਂ ਨੂੰ ਪੁਸਤਕ ਪਟਿਆਲੇ ਪਹੁੰਚਾਉਣ ਲਈ ਬੇਨਤੀ ਕੀਤੀ। ਉਹ ਵਿਸ਼ੇਸ਼ ਤੌਰ 'ਤੇ ਪਟਿਆਲੇ ਗਏ ਪਰ ਡਾ. ਗੁਰਮੁਖ ਸਿੰਘ ਹੋਰਾਂ ਨਾਲ ਉਹਨਾਂ ਦਾ ਮੇਲ ਨਹੀਂ ਹੋ ਸਕਿਆ। ਪਿਛਲੇ ਦਿਨੀਂ ਇੱਕ ਹੋਰ ਮਿੱਤਰ ਸ. ਗੋਪਾਲ ਸਿੰਘ ਰਾਹੀਂ ਪੁਸਤਕ ਲਈ ਫਿਰ ਸੁਨੇਹਾ ਆਇਆ। ਪਟਿਆਲੇ ਪੁਸਤਕ ਪਹੁੰਚਾਉਣ ਲਈ ਮੈਂ ਅਲਮਾਰੀ ਵਿੱਚੋਂ ਪੁਸਤਕ ਕੱਢ ਕੇ ਮੇਜ਼ ਉੱਤੇ ਰੱਖੀ ਅਤੇ ਫਿਰ ਉਂਜ ਹੀ ਫਰੋਲਣ ਲੱਗ ਗਿਆ। ਡਾ. ਕਰਨੈਲ ਸਿੰਘ ਸੋਮਲ ਅਤੇ ਮੈਂ ਲਗਭਗ ਪੰਝੀ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਇਕੱਠੇ ਰਹੇ ਹਾਂ। ਉਹਨਾਂ ਦੀ ਪੁਸਤਕ ਦੇ ਲਗਭਗ ਹਰ ਨਿਬੰਧ ਦਾ ਮੈਂ ਸਰੋਤਾ ਰਿਹਾ ਹਾਂ। ਉਹ ਆਪਣਾ ਨਿਬੰਧ ਛਪਣ ਭੇਜਣ ਤੋਂ ਪਹਿਲਾਂ ਮੈਨੂੰ ਸੁਣਾਉਂਦੇ ਸਨ। ਇਸ ਲਈ ਜਦੋਂ ਇਹ ਪੁਸਤਕ ਛਪ ਕੇ ਆਈ ਤਾਂ ਮੈਂ ਇਸ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ।

ਅੱਜ ਜਦੋਂ ਮੈਂ ਇਸ ਪੁਸਤਕ ਨੂੰ ਵੇਖਣਾ ਸ਼ੁਰੂ ਕੀਤਾ ਤਾਂ ਇਹ ਮੈਨੂੰ ਚੰਗੀ ਤਰ੍ਹਾਂ ਪੜ੍ਹਨ ਲਈ ਮਜਬੂਰ ਕਰਨ ਲੱਗੀ। ਮੈਨੂੰ ਜਾਪਿਆ ਇਹ ਉਹ ਕੁਝ ਤਾਂ ਨਹੀਂ ਜੋ ਮੈਂ ਸੁਣਿਆ ਸੀ। ਸੁਣੇ ਅਤੇ ਪੜ੍ਹੇ ਦਾ ਫਰਕ ਪਤਾ ਲਗਣ ਲੱਗਾ। ਮੈਨੂੰ ਜਾਪਿਆ ਕਿ ਜੇ ਮੈਂ ਕੇਵਲ ਆਪਣੇ ਸੁਣੇ ਉੱਤੇ ਨਿਰਭਰ ਕਰਦਾ ਤਾਂ ਪੁਸਤਕ ਨਾਲ ਬੜੀ ਬੇਇਨਸਾਫੀ ਹੋਣੀ ਸੀ। ਇਸ ਪੁਸਤਕ ਨੂੰ ਪੜ੍ਹ ਕੇ ਮੇਰੇ ਮਨ ਵਿੱਚ ਡਾ. ਸੋਮਲ ਹੋਰਾਂ ਦਾ ਸਤਿਕਾਰ ਹੋਰ ਵੱਧ ਗਿਆ। ਇਸ ਪੁਸਤਕ ਦਾ ਛਪਣਾ ਪੰਜਾਬੀ ਸਾਹਿਤ ਵਿੱਚ ਇੱਕ ਮਹੱਤਵਪੂਰਨ ਘਟਨਾ ਹੈ। ਇਹ ਬੜੀ ਗੰਭੀਰ ਰਚਨਾ ਹੈ। ਅਜਿਹਾ ਸੱਚਾ ਸੁੱਚਾ ਅਤੇ ਉਸਾਰੂ ਸਾਹਿਤ ਲਿਖਣ ਵਾਲੇ ਵਿਰਲੇ ਹੀ ਹਨ।

ਇਸ ਪੁਸਤਕ ਦਾ ਹਰ ਪੈਰ੍ਹਾ ਕਿਸੇ ਨਾ ਕਿਸੇ ਜੀਵਨ ਜੁਗਤ ਦੀ ਨਿਸ਼ਾਨਦੇਹੀ ਕਰਦਾ ਹੈ। ਇਤਨੇ ਗੰਭੀਰ ਵਿਸ਼ਿਆਂ ਨੂੰ ਕਿੰਨੇ ਸਰਲ ਢੰਗ ਨਾਲ ਪ੍ਰਗਟ ਕਰ ਦਿੱਤਾ ਹੈ। ਡਾਕਟਰ ਸਾਹਿਬ ਦੇ ਵਿਸ਼ਾਲ ਅਤੇ ਡੂੰਘੇ ਅਧਿਐਨ ਦਾ ਤਾਂ ਮੈਂ ਪਹਿਲਾਂ ਹੀ ਕਾਇਲ ਹਾਂ। ਪਰ ਇਹਨਾਂ ਵਿਸ਼ਿਆਂ ਉੱਤੇ ਉਹਨਾਂ ਦੀ ਪਕੜ ਦੇਖ ਕੇ ਮਨ ਗਦ ਗਦ ਹੋ ਉਠਿਆ। ਸਵੈ-ਉਸਾਰੀ ਵਾਲਾ ਸਾਹਿਤ ਪੜ੍ਹਨ ਦਾ ਮੈਨੂੰ ਸ਼ੌਕ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਡਾਕਟਰ ਸੋਮਲ ਦੀ ਇਹ ਪੁਸਤਕ ਵਿਸ਼ਵ ਪੱਧਰ ਦੇ ਅਜਿਹੇ ਸਾਹਿਤ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ। ਇਸ ਪੁਸਤਕ ਵਿਚਲੇ ਨਿਬੰਧਾਂ ਦੇ ਨਾਂ ਪੜ੍ਹਨ ਨਾਲ ਹੀ ਉਤਸ਼ਾਹ ਦੀਆਂ ਤਰੰਗਾਂ ਝਰਨਾਟਾਂ ਮਾਰਨ ਲਗਦੀਆਂ ਹਨ;

ਉਦਾਸ ਕਿਉਂ ਹੋਈਏ?, ਅਮੁੱਕ ਸੋਮੇ ਪ੍ਰੇਰਨਾਵਾਂ ਦੇ, ਸਜੱਗਤਾ: ਜਾਗੇ ਮਨੁੱਖ ਦੀ ਖੁਸ਼ਹਾਲੀ, ਸਹਿਜ: ਸ਼ਾਨ-ਮੱਤੇ ਜੀਵਨ ਦਾ ਸੁਹਜ, ਸਹਿਨਸ਼ੀਲਤਾ: ਸਾਹਸ ਦੀ ਗੱਲ, ਸੰਜਮ: ਅੰਦਰਲੇ ਆਪੇ ਦੀ ਸਿਫਤ, ਮੁਸਕਰਾਹਟ: ਚੜ੍ਹਤ ਵਿੱਚ ਰਹਿਣ ਦਾ ਇਕਰਾਰ, ਮਖਿਆ ਮਿਲ ਆਈਏ, ਅੰਤਰ ਮਨ ਵਸਿਆ ਅਨੰਦਪੁਰ, ਕੀ ਉਹ ਹੁਸਨ ਹੁਸਨ ਹੈ ਸੱਚ ਮੁੱਚ? ਇਹ ਦੁਨੀਆਂ ਸੋਹਣੇ ਲੋਕਾਂ ਦੀ। ਡਾ. ਸੋਮਲ ਦੀ ਇਸ ਪੁਸਤਕ ਤੋਂ ਪਹਿਲੀ ਪੁਸਤਕ 'ਜਿੰਦਗੀ ਉਤਸਵ ਹੈ' ਅਤੇ ਇਸ ਤੋਂ ਬਾਅਦ ਲਿਖੀ ਪੁਸਤਕ 'ਭਾਈ ਦਿੱਤ ਸਿੰਘ ਗਿਆਨੀ ਜੀਵਨ ਤੇ ਸ਼ਖਸੀਅਤ' ਵੀ ਜ਼ਿਕਰਯੋਗ ਸਥਾਨ ਰੱਖਦੀਆਂ ਹਨ।

ਮੈਂ ਸ਼ੁਕਰਗੁਜ਼ਾਰ ਹਾਂ ਡਾ. ਗੁਰਮੁਖ ਸਿੰਘ ਦਾ ਅਤੇ ਸ. ਗੋਪਾਲ ਸਿੰਘ ਦਾ ਜਿਹਨਾਂ ਨੇ ਇਸ ਸੁਣੀ ਹੋਈ ਪੁਸਤਕ ਨੂੰ ਪੜ੍ਹਨ ਦਾ ਸਬੱਬ ਬਣਾਇਆ। ਸ਼ਾਇਦ ਤੁਸੀਂ ਵੀ ਇਹ ਪੁਸਤਕ ਪੜ੍ਹਨਾ ਚਾਹੋਗੇ। ਪਰ ਇਹ ਤੁਹਾਨੂੰ ਆਮ ਪੁਸਤਕ -ਵਿਕਰੇਤਾ ਤੋਂ ਨਹੀਂ ਮਿਲਣੀ। ਇਸ ਲਈ ਤੁਹਾਨੂੰ ਲੇਖਕ:- ***ਡਾ. ਕਰਨੈਲ ਸਿੰਘ ਸੋਮਲ, 337, ਫੇਜ਼-6, ਮੁਹਾਲੀ, ਫੋਨ 2228712*** ਨਾਲ ਸੰਪਰਕ ਕਰਨਾ ਪਵੇਗਾ। ਜੇ ਉਨ੍ਹਾਂ ਕੋਲ ਕੋਈ ਪੁਸਤਕ ਬਚੀ ਹੋਈ ਤਾਂ ਤੁਹਾਨੂੰ ਦੇ ਦੇਣਗੇ। ਨਹੀਂ ਤਾਂ ਉਨ੍ਹਾਂ ਪਾਸੋਂ ਕੋਈ ਨਾ ਕੋਈ ਜੀਵਨ ਜੁਗਤ ਤਾਂ ਪ੍ਰਾਪਤ ਹੋ ਹੀ ਜਾਵੇਗੀ। ਉਨ੍ਹਾਂ ਦਾ ਖਜਾਨਾ ਜੀਵਨ ਜੁਗਤਾਂ ਨਾਲ ਭਰਪੂਰ ਹੈ।

# ਗੁਰਮਤਿ ਸੰਗੀਤ ਤੇ ਗੁਰੂ ਕੇ ਕੀਰਤਨੀਏ

ਪ੍ਰਿੰਸੀਪਲ ਦਿਆਲ ਸਿੰਘ
ਗੁਰਮਤਿ ਵਿਦਿਆਲਾ
ਗੁ. ਸ੍ਰੀ. ਰਕਾਬ ਗੰਜ, ਨਵੀਂ ਦਿੱਲੀ

ਗੁਰੂ ਸਾਹਿਬਾਨ ਦੇ ਸਮੇਂ ਕੀਰਤਨ ਕਰਨ ਦੀ ਕੀ ਮਰਯਾਦਾ ਸੀ, ਇਸ ਸਬੰਧੀ ਲਿਖਤ ਰੂਪ ਵਿਚ ਤਾਂ ਸਾਡੇ ਪਾਸ ਕੋਈ ਸਬੂਤ ਨਹੀ। ਪਰ ਤਾਂ ਵੀ ਸੀਨੇ-ਬਸੀਨੇ ਗਾਈਆਂ ਜਾ ਰਹੀਆਂ ਸ਼ਬਦ ਰੀਤਾਂ ਤੋਂ ਇਸ ਗੱਲ ਦਾ ਅਨੁਮਾਨ ਲੱਗਦਾ ਹੈ ਕਿ ਪੁਰਾਤਨ ਸਮੇਂ ਵਿਚ ਗੁਰੂ ਕੇ ਕੀਰਤਨੀਏ (ਰਾਗੀ ਰਬਾਬੀ) ਗੁਰਬਾਣੀ ਦੇ ਅਭਿਆਸੀ, ਅਰਥ-ਬੋਧ ਦੇ ਗਿਆਤਾ ਅਤੇ ਰਾਗ-ਤਾਲ ਵਿਚ ਨਿਪੁੰਨ (ਧੁਰੰਤਰ) ਹੁੰਦੇ ਸੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖੇ ਰਾਗਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਰਾਗਾਂ ਵਿਚ ਉਹ ਗੁਰਬਾਣੀ ਗਾਇਨ ਕਰਦੇ ਸਨ। ਆਮ ਕੀਰਤਨ ਚੌਕੀ ਤੋਂ ਇਲਾਵਾ ਅਲਾਹੁਣੀਆਂ, ਘੋੜੀਆਂ, ਛੰਤ, ਮਾਰੂ-ਸੋਹਿਲੇ ਤੇ ਅਸਟਪਦੀਆਂ ਨੂੰ ਬੜੇ ਬਿਖੜੇ ਤਾਲਾਂ ਵਿਚ ਆਉਂਦੇ ਸਨ। ਭਾਵ, ਅਸਟਪਦੀਆਂ ਦੇ ਅੱਠੇ ਪਦੇ ਭਿੰਨ ਭਿੰਨ ਤਾਲਾਂ ਵਿਚ ਗਾਉਣਾ, ਇਸੇ ਤਰ੍ਹਾਂ "ਛੰਦ" ਦੇ ਚਾਰੇ ਪਦੇ ਰੂਪਕ, ਸੂਲਫਾਕ, ਇਕਤਾਲਾ ਤੇ ਤਿੰਨਤਾਲ ਇਤਿਆਦਿ ਤਾਲਾਂ ਵਿਚ ਗਾਇਨ ਕਰਨਾ। ਇਸ ਤੋਂ ਇਲਾਵਾ ਜਦੋਂ ਗੁਰਪੁਰਬਾਂ ਦੇ ਮੌਕੇ ਜਾਂ ਕਿਸੇ ਖਾਸ ਉਤਸਵ ਸਮੇਂ ਕੀਰਤਨ ਦਰਬਾਰ ਹੁੰਦੇ ਤਾਂ ਰਾਗੀ ਸਿੰਘ ਆਪਣਾ ਹੁਨਰ ਦਿਖਾਉਣ ਲਈ ਆਦਿ ਗ੍ਰੰਥ ਵਿਚ ਲਿਖੀਆਂ ਪੜਤਾਲਾਂ ਤੇ ਅਸਟਪਦੀਆਂ ਨੂੰ ਭਿੰਨ ਭਿੰਨ ਰਾਗਾਂ ਤੇ ਤਾਲਾਂ ਵਿਚ ਗਾਇਨ ਕਰ ਸਿੱਖ ਸੰਗਤਾਂ ਤੋਂ ਵਾਹ ਵਾਹ ਖਟਦੇ ਅਤੇ ਕਈ ਰੱਜੇ ਪੁੱਜੇ ਸਿੱਖ ਸਰਦਾਰ ਪ੍ਰਸੰਨ ਹੋ ਆਪਣੇ ਵਲੋਂ ਸੋਨੇ ਦੇ ਕੜੇ ਕੰਠੇ ਭੇਟ ਕਰ ਦਿੰਦੇ। ਇਸ ਤਰ੍ਹਾਂ ਦੇ ਕੀਰਤਨ ਦਰਬਾਰਾਂ ਦੇ ਨਜ਼ਾਰੇ ਸੰਨ 1920-25 ਤਕ ਵੇਖਣ ਸੁਣਨ ਵਿਚ ਆਏ ਹਨ।

ਸਿੱਖ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਭਾ ਸੁਸਾਇਟੀਆਂ ਨੇ ਗੁਰਦੁਆਰਿਆਂ ਦਾ ਪ੍ਰਬੰਧ ਤਾਂ ਆਪਣੇ ਹੱਥਾਂ ਵਿਚ ਲੈ ਲਿਆ, ਪਰ ਇਸ ਗੱਲ ਵੱਲ ਕਿਸੇ ਪ੍ਰਬੰਧਕ ਕਮੇਟੀ ਨੇ ਅਜੇ ਤੱਕ ਧਿਆਨ ਨਹੀਂ ਦਿੱਤਾ ਕਿ ਜਿਨ੍ਹਾਂ ਇਤਿਹਾਸਿਕ ਗੁਰਦੁਆਰਿਆਂ ਵਿਚ ਸਵੇਰ ਤੋਂ ਰਾਤੀਂ ਅੱਠ-ਦੱਸ ਵਜੇ ਤੱਕ ਰੋਜ਼ਾਨਾ ਕੀਰਤਨ ਹੋ ਰਿਹਾ ਹੈ, ਉਨ੍ਹਾਂ ਕੀਰਤਨੀਆਂ ਜਾਂ ਗ੍ਰੰਥੀ ਸਿੰਘਾਂ ਦੀ ਕੀ ਯੋਗਤਾ ਹੋਣੀ ਚਾਹੀਦੀ ਹੈ। ਮੈਂ ਪੈਂਤੀਹ-ਚਾਲੀਹ ਸਾਲ ਤੋਂ ਵੇਖ ਰਿਹਾਂ ਕਿ ਜਿਨ੍ਹਾਂ ਨੂੰ ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ਨਹੀਂ ਆਉਂਦਾ ਉਹ ਗ੍ਰੰਥੀ ਤੇ ਹੈੱਡ-ਗ੍ਰੰਥੀ ਲੱਗੇ ਹੋਏ ਹਨ ਅਤੇ ਜਿਨ੍ਹਾਂ ਨੂੰ ਅਜੇ ਇਹ ਵੀ ਪਤਾ ਨਹੀ ਕੇ ਪੁੜਾ (ਜੋੜੀ) ਸੁਰ ਹੈ ਕੇ ਬੇਸੁਰਾ, ਨਾ ਰਾਗ ਸੂਝ ਅਤੇ ਨਾ ਗੁਰਬਾਣੀ ਗਿਆਨ ਉਹ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਬਣੇ ਬੈਠੇ ਹਨ।

ਹੁਣ ਤੋਂ 70-80 ਸਾਲ ਪਹਿਲਾਂ ਕੀਰਤਨੀਆਂ ਲਈ ਇਕ ਮਰਯਾਦਾ (ਨਿਯਮ) ਸੀ ਕਿ ਜਦੋਂ ਤੱਕ ਕੀਰਤਨ ਕਰਨ ਵਾਲਾ (ਰਾਗੀ ਰਬਾਬੀ) ਆਦਿ ਗ੍ਰੰਥ ਦੇ ਲਗ ਭਗ ਸਾਰੇ ਰਾਗਾਂ ਵਿਚ ਸ਼ਬਦ ਰੀਤਾਂ, ਪੜਤਾਲਾਂ ਆਦਿ ਨੂੰ ਗਾਇਨ ਕਰ ਸੰਗਤਾਂ ਵਿਚ ਆਪਣਾ ਪ੍ਰਭਾਵ ਨਹੀ ਸੀ ਪਾਉਂਦਾ, ਉਦੋਂ ਤੱਕ ਉਸ ਨੂੰ ਮੁਖ ਸਟੇਜ ਉੱਤੇ ਕੀਰਤਨ ਕਰਨ ਦੀ ਆਗਿਆ ਨਹੀ ਸੀ ਮਿਲਦੀ। ਇਸੇ ਲਈ ਹਰੇਕ ਵਿਦਿਆਰਥੀ ਪਹਿਲਾਂ ਸੱਤ-ਅੱਠ ਸਾਲ ਕਿਸੇ ਚੰਗੇ ਉਸਤਾਦ ਤੋਂ ਗੁਰਬਾਣੀ ਤੇ ਕੀਰਤਨ ਦੀ ਸਿੱਖਿਆ ਗ੍ਰਹਿਣ ਕਰਦਾ, ਉਸ ਤੋਂ ਬਾਅਦ ਦੋ ਤਿੰਨ ਸਾਲ ਕਿਸੇ ਰਾਗੀ ਨਾਲ ਬਤੌਰ ਸਾਥੀ ਕੀਰਤਨ ਕਰਨ ਦਾ ਅਭਿਆਸ ਕਰਦਾ ਫਿਰ ਕਿਤੇ ਜਾ ਕੇ ਉਸ ਨੂੰ ਆਪਣਾ ਰਾਗੀ ਜੱਥਾ ਬਨਾਉਣ ਦਾ ਸਰਟੀਫਿਕੇਟ ਮਿਲਦਾ ਸੀ। ਪਰ ਮੌਜੂਦਾ ਸਮੇਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਇਨ੍ਹਾਂ ਜ਼ਰੂਰੀ ਨਿਯਮਾਂ ਵੱਲ ਧਿਆਨ ਕੀ ਦੇਣਾ ਸੀ ਸਗੋਂ ਉਨ੍ਹਾਂ ਦੀ ਇੱਛਾ ਇਹੋ ਹੈ ਕਿ ਰਾਗੀ ਸਿੰਘ ਘੱਟ ਤੋਂ ਘੱਟ ਤਨਖਾਹ 'ਤੇ ਕੰਮ ਕਰਨ ਅਤੇ ਵਕਤ-ਬੇਵਕਤ ਪ੍ਰਬੰਧਕਾਂ ਦੀਆਂ ਝਿੜਕਾਂ ਸੁਣਨ ਲਈ ਵੀ ਤਿਆਰ ਰਹਿਣ। ਗਵਰਮੈਂਟ ਤੇ ਪ੍ਰਾਈਵੇਟ ਕੰਪਨੀਆਂ ਚਪੜਾਸੀ ਤੋਂ ਲੈ ਕੇ ਮੈਨੇਜਰ ਤੱਕ ਸਭ ਯੋਗਤਾ ਅਨੁਸਾਰ ਮੁਲਾਜ਼ਮ ਨੀਅਤ ਕਰਦੇ ਹਨ। ਪਰ ਸਿੱਖਾਂ ਦਾ ਐਸਾ ਨਿਰਾਲਾ ਪੰਥ ਹੈ ਕਿ ਜਿਸ ਧਰਮ ਦਾ ਪ੍ਰਚਾਰ-ਪ੍ਰਸਾਰ ਕੇਵਲ ਜੀਵਨ ਵਾਲੇ ਉੱਚ ਕੋਟੀ ਦੇ ਰਾਗੀ ਪ੍ਰਚਾਰਕ, ਗ੍ਰੰਥੀ ਹੀ ਕਰ ਸਕਦੇ ਹਨ ਉਸ ਧਰਮ ਦੀ ਮਾਇਕ ਸ਼ਕਤੀ ਕੇਵਲ "ਮਾਇਆ ਧਾਰੀ ਅਤਿ ਅੰਨਾ ਬੋਲਾ" ਦੇ ਹੱਥਾਂ ਵਿਚ ਹੈ।

ਸ. ਈਸ਼ਰ ਸਿੰਘ ਜੀ 'ਮਝੈਲ' ਜਦੋਂ ਸ਼੍ਰੋਮਣੀ ਗੁ. ਪ੍ਰ.

ਕਮੇਟੀ ਦੇ ਪ੍ਰਧਾਨ ਸਨ ਤਾਂ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਅਤੇ ਪ੍ਰਿੰ. ਸਤਿਬੀਰ ਸਿੰਘ ਜੀ ਨੇ ਕਿਹਾ ਕਿ ਪ੍ਰਧਾਨ ਸਾਹਿਬ ਸਿੱਖ ਪੰਥ ਵਿਚੋਂ ਚੰਗੇ ਕੀਰਤਨੀਏ ਦਿਨੋ-ਦਿਨ ਘਟ ਰਹੇ ਹਨ। ਉਸ ਘਾਟ ਨੂੰ ਪੂਰਾ ਕਰਨ ਲਈ ਇਕ ਐਸਾ ਸੰਗੀਤ ਵਿਦਿਆਲਾ ਸ਼ੁਰੂ ਕਰਨਾ ਚਾਹੀਦਾ ਹੈ, ਜਿੱਥੇ ਵਿਦਿਆਰਥੀਆਂ ਨੂੰ ਕੀਰਤਨ ਤੰਤੀ ਸਾਜਾਂ ਨਾਲ ਸਿਖਾਇਆ ਜਾਏ। ਇੰਜ ਸਤੰਬਰ 1954 ਵਿਚ ਸ਼੍ਰੋਮਣੀ ਕਮੇਟੀ ਵੱਲੋਂ "ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ" ਚਾਲੂ ਕੀਤਾ ਗਿਆ। ਸ. ਰਾਜਿੰਦਰ ਸਿੰਘ ਜੀ (ਲਖਨਊ) ਉਸ ਦੇ ਪ੍ਰਿੰਸੀਪਲ ਅਤੇ ਮਾਸਟਰ ਸਾਧੂ ਸਿੰਘ ਜੀ (ਤਬਲਾ ਵਾਦਕ) ਪ੍ਰੋਫੈਸਰ ਨੀਅਤ ਕੀਤੇ ਗਏ। ਦੋਵੇਂ ਹੀ ਮਿਲ ਕੇ ਬੜੀ ਮਿਹਨਤ ਤੇ ਲਗਨ ਨਾਲ ਵਿਦਿਆਰਥੀਆਂ ਨੂੰ (ਤਾਨਪੁਰੇ) ਨਾਲ ਕੀਰਤਨ ਸਿਖਾਉਂਦੇ ਰਹੇ। ਪਰ ਕੀਰਤਨ ਦਾ ਕੋਰਸ ਕੇਵਲ ਤਿੰਨ ਸਾਲ ਦਾ ਸੀ ਅਤੇ ਪ੍ਰਿੰਸੀਪਲ ਸਾਹਿਬ ਚਾਹੁੰਦੇ ਸਨ ਕਿ ਕੋਰਸ ਘੱਟੋ-ਘੱਟ ਪੰਜ ਸਾਲ ਹੋਵੇ, ਇਸੇ ਕਸ਼-ਮਕਸ਼ ਤੋਂ ਰੰਗ ਤੇ ਮਜ਼ਬੂਰੀ ਕਾਰਣ ਆਪ ਸੰ: 1962 ਵਿਚ ਤਿਆਗ ਪੱਤ੍ਰ ਦੇ ਕੇ "ਸ਼ਿਖਸ਼ਣ ਮਹਾਂ ਵਿਦਿਆਲਾ" ਕੁਰਕੁਸ਼ੇਤ੍ਰ (ਹਰਿਆਣਾ) ਵਿਖੇ ਸੰਗੀਤ ਪ੍ਰੋਫੈਸਰ ਨਿਯੁਕਤ ਹੋ ਗਏ। ਬਾਅਦ ਵਿਚ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਕ੍ਰਿਪਾ ਨਾਲ ਸੰਗੀਤ ਕਲਾਸ ਨੂੰ "ਸਿੱਖ ਮਿਸ਼ਨਰੀ ਪ੍ਰਚਾਰਕ ਕਲਾਸ" ਵਿਚ ਸ਼ਾਮਲ ਕਰ, ਇਕ ਸੰਗੀਤ ਪੀਅਰਡ ਦਾ ਰੂਪ ਦੇ ਦਿੱਤਾ। ਭਾਵ, ਜਿਸ ਮੰਤਵ ਨੂੰ ਮੁੱਖ ਰੱਖ ਕੇ ਕੰਮ ਸ਼ੁਰੂ ਕੀਤਾ ਸੀ ਉਹ ਅਧੂਰਾ ਰਹਿ ਗਿਆ।

ਜੁਲਾਈ 1991 ਵਿਚ ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਦਾਸ ਨੂੰ ਉਚੇਚੇ ਤੌਰ 'ਤੇ ਗੱਡੀ ਭੇਜ ਕੇ ਜੰਗਪੁਰਾ ਭੋਗਲ, ਨਵੀਂ ਦਿੱਲੀ ਵਿਖੇ ਬੁਲਾਇਆ ਤੇ ਮੈਨੂੰ ਸੰਬੋਧਨ ਕਰ ਕੇ ਕਹਿਣ ਲੱਗੇ ਕਿ ਭਾਈ ਦਿਆਲ ਸਿੰਘ ਅਸਾਂ ਇਕ ਪ੍ਰੋਗਰਾਮ ਉਲੀਕਿਆ ਹੈ। ਜਿਸ ਰਾਹੀਂ ਰਾਗੀ ਸਿੰਘਾਂ ਨੂੰ ਪ੍ਰੇਰਨਾ ਦਿੱਤੀ ਜਾਵੇਗੀ ਕਿ ਉਹ ਫਿਲਮੀ ਤੇ ਮਨ ਘੜਤ ਟਿਯੂਨਾਂ ਛੱਡ ਕੇ ਨਿਰਧਾਰਿਤ ਰਾਗਾਂ ਅਨੁਸਾਰ ਸੰਗਤਾਂ ਨੂੰ ਕੀਰਤਨ ਸ੍ਰਵਣ ਕਰਾਉਣ, ਤਾਂ ਜੋ ਪੁਰਾਤਨ ਕੀਰਤਨ ਮਰਯਾਦਾ ਮੁੜ ਕਾਇਮ ਹੋਵੇ ਅਤੇ ਇਲਾਹੀ ਬਾਣੀ ਦਾ ਰਸ ਮਾਣ ਸਕੀਏ। ਆਪ ਜੀ ਦੇ ਬਚਨ ਸੁਣਕੇ ਮੈਂ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਬਾਬਾ ਜੀ ਮੇਰੀ ਇਕ ਆਦਤ ਹੈ ਕਿ ਜਦੋਂ ਤੱਕ ਮੈਨੂੰ ਯਕੀਨ ਨਾ ਹੋ ਜਾਵੇ ਕਿ ਜਿਸ ਕੰਮ ਨੂੰ ਅਸੀਂ ਸ਼ੁਰੂ ਕਰਨ ਲੱਗੇ ਤਾਂ ਉਹ ਤੋੜ ਚੜ੍ਹੇਗਾ ਜਾਂ ਨਹੀ, ਉਦੋਂ ਤੱਕ ਮੈਂ ਉਸ ਕੰਮ ਵਿਚ ਹਿੱਸਾ ਨਹੀ ਲੈਂਦਾ। ਇਸ ਲਈ ਆਪ ਜੀ ਪਹਿਲਾਂ ਪੁਰਾਤਨ ਸ਼ਬਦ ਰੀਤਾਂ ਨੂੰ ਕੱਠਾ ਕਰਾਓ ਜਿਹੜੀਆਂ ਇਸ ਸਮੇਂ ਸੰਗੀਤ ਪੁਸਤਕਾਂ ਵਿਚ ਸ੍ਵਰਲਿਪੀ (ਨੁਟੇਸ਼ਨ) ਵਿਚ ਲਿਖੀਆਂ ਹਨ। ਨਾਲ ਹੀ ਉਹ ਟੇਪ ਰਿਕਾਰਡ ਲੱਭੋ ਜੋ ਵੱਖੋ-ਵੱਖ ਥਾਵਾਂ ਤੇ ਸੁਰੱਖਯਤ ਹਨ। ਇਸ ਤੋਂ ਇਲਾਵਾ ਜਿਨ੍ਹਾਂ ਰਾਗੀ ਸਿੰਘਾਂ ਨੂੰ ਪੁਰਾਤਨ ਤੇ ਆਧੁਨਿਕ ਚੰਗੀਆਂ ਰੀਤਾਂ ਕੰਠ ਹਨ ਉਨ੍ਹਾਂ ਨੂੰ ਨਾਲੋ ਨਾਲ ਟੇਪ ਕਰਵਾਓ। ਉਸ ਤੋਂ ਬਾਅਦ ਪੰਜ-ਸੱਤ ਐਸੇ ਸੰਗੀਤਾਚਾਰੀਯ ਦੀ ਕਮੇਟੀ ਨੀਅਤ ਕਰੋ ਜੋ ਸ਼ਾਸਤ੍ਰੀ ਸੰਗੀਤ ਤੇ ਗੁਰਮਤਿ ਸੰਗੀਤ ਦੇ ਚੰਗੇ ਮਾਹਰ ਹੋਣ। ਵਿਦਵਾਨਾਂ ਦੀ ਉਹ ਕਮੇਟੀ ਸ਼ਬਦ ਰੀਤਾਂ ਨੂੰ ਪੜ੍ਹ ਸੁਣ ਕੇ ਆਧੁਨਿਕ ਸੰਗੀਤ ਪੱਧਤੀ ਅਨੁਸਾਰ ਸ਼ੁਧ ਕਰ ਕੇ ਪ੍ਰਿੰਟ ਕਰਵਾਏ। ਇੰਜ ਜਦੋਂ ਇਹ ਕਾਰਜ ਪੂਰਾ ਹੋ ਜਾਵੇ ਤਾਂ ਉਹ ਸੁੰਦਰ ਸ਼ਬਦ ਰੀਤਾਂ ਸਿੱਖਣ ਲਈ ਰਾਗੀ ਸਿੰਘਾਂ ਨੂੰ ਪ੍ਰੇਰਨਾ ਕੀਤੀ ਜਾਵੇ ਅਤੇ ਜਿਹੜੇ ਰਾਗੀ ਸਿੰਘ ਨਿਰਧਾਰਿਤ ਰਾਗਾਂ ਅਨੁਸਾਰ ਸਿੱਖਣ, ਉਨ੍ਹਾਂ ਨੂੰ ਬਤੌਰ (ਵਜੀਫਾ) ਮਾਇਆ ਦੇ ਕੇ ਉਤਸ਼ਾਹਿਤ ਕੀਤਾ ਜਾਵੇ। ਸੋ ਅਗਰ ਆਪ ਜੀ ਇਹ ਮਹਾਨ ਤੋਂ ਸ਼ੁਭ ਕਾਰਜ ਕਰਨ ਦੀ ਇੱਛਾ ਰੱਖਦੇ ਹੋ ਤਾਂ ਸਭ ਗੱਲਾਂ ਆਪ ਜੀ ਨੂੰ ਕਰਨੀਆਂ ਪੈਣਗੀਆਂ। ਪਰ ਆਪ ਜੀ ਨੇ ਮੇਰੀ ਗੱਲ ਸੁਣੀ-ਅਣਸੁਣੀ ਕਰ, ਮੁੜ ਆਪਣੇ ਚੇਲੇ-ਚਪਾਟਿਆਂ ਨਾਲ ਸਲਾਹ-ਮਸ਼ਵਰਾ ਕਰਨ ਵਿਚ ਰੁਝ ਗਏ।

ਗੁਰੂ ਕੇ ਸਿੱਖਾਂ (ਖਾਲਸਾ ਪੰਥ) ਵਿਚ ਕਈ ਵਿਸ਼ੇਸ਼ ਗੁਣ ਐਸੇ ਹਨ, ਜਿਹੜੇ ਦੂਜੀਆਂ ਕੌਮਾਂ ਵਿਚ ਨਹੀਂ। ਜਿਵੇਂ ਦੇਸ਼-ਧਰਮ ਲਈ ਕੁਰਬਾਨ ਹੋਣ ਦਾ ਜਜਬਾ, ਬਗੈਰ ਵਿਤਕਰੇ ਤੋਂ ਸਭ ਲਈ ਲੰਗਰ, ਬਿਸਰਾਮ ਕਰਨ ਲਈ ਸਰਾਵਾਂ, ਸਾਈਕਲ ਸਕੂਟਰ, ਗੱਡੀ ਬੱਸ ਸਟੈਂਡ, ਜੋੜਿਆਂ ਦੀ ਸੇਵਾ ਆਦਿ। ਇਸ ਤੋਂ ਇਲਾਵਾ ਜਦੋਂ ਗੁਰਪੁਰਬ ਮਨਾਏ ਜਾਂਦੇ ਹਨ ਤਾਂ ਇਕ ਵੱਖਰਾ ਹੀ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ। ਭਾਵ, ਨਗਰ ਕੀਰਤਨ (ਜਲਸੇ-ਜਲੂਸਾਂ) ਵੇਲੇ ਗੁਰਸਿੱਖ ਪ੍ਰੇਮੀਆਂ ਵਲੋਂ ਥਾਂ ਥਾਂ ਬ੍ਰੈਡ ਪਕੌੜੇ, ਛੋਲੇ-ਭਟੂਰੇ, ਖੀਰ ਪੂਰੀਆਂ, ਦੁੱਧ ਜਲੇਬੀਆਂ, ਚਾਹ ਆਦਿ ਲੰਗਰ ਦੇ ਰੂਪ ਵਿਚ ਇਤਨਾ ਵੱਧ ਵਰਤਾਉਂਦੇ ਛਕਾਉਂਦੇ ਹਨ ਕਿ ਲੋਕੀਂ ਖਾਣ ਦੀ ਥਾਂ ਸੜਕਾਂ ਤੇ ਸੁੱਟਣ ਵਿਚ ਭੀ ਰੱਤਾ ਗੁਰੇਜ਼ ਨਹੀਂ ਕਰਦੇ। ਪਰ ਅਸੀਂ ਇਸ ਨੂੰ ਮਹਾਨ ਪੁੰਨ ਕਰਮ ਸਮਝ ਕੇ ਆਪੇ ਹੀ ਇਕ ਦੂਜੇ ਨੂੰ ਵਧਾਈ ਦਿੰਦੇ ਹਾਂ। ਇੰਜ ਅੰਧੀ ਸ਼੍ਰਧਾ ਦੇ ਵਸ ਹੋ ਲੱਖਾਂ ਰੁਪਏ ਪਾਣੀ ਵਾਂਗ ਸਾਲੋ-ਸਾਲ ਰੋੜ੍ਹ ਛੱਡਦੇ ਹਾਂ, ਜਿਸ ਦਾ ਰੱਤੀ ਭਰ

ਲਾਭ ਨਹੀਂ।

ਸੰਤ ਬਾਬਾ ਸੁੱਚਾ ਸਿੰਘ ਜੀ ਨੇ 1991 ਵਿਚ 9-13 ਅਕਤੂਬਰ ਤੱਕ ਜਵੱਦੀ ਕਲਾਂ, ਲੁਧਿਆਣੇ ਵਿਖੇ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ" ਕਰਵਾਇਆ ਸੀ, ਉਹ ਸੱਚੀ-ਮੁੱਚੀ ਹੀ ਸੀ। ਉਸ ਵਿਚ ਉੱਚ ਕੋਟੀ ਦੇ ਸ਼ਾਸਤ੍ਰੀ-ਸੰਗੀਤ, ਗਾਇਕ-ਵਾਦਕ, ਡਾਕਟਰ, ਪ੍ਰਿੰਸੀਪਲ, ਪ੍ਰੋਫੈਸਰ, ਰਾਗੀ-ਰਬਾਬੀ, ਸਭ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਗੁਰੂ ਕੇ ਦਾਨੀ ਸੱਜਣਾ ਨੇ ਵੀ ਤਨ ਮਨ ਧਨ ਨਾਲ ਬਹੁਤ ਸੇਵਾ ਕੀਤੀ, (ਲੱਖਾਂ ਰੁਪਏ ਖਰਚ ਹੋਏ) ਦੇਸ਼-ਵਿਦੇਸ਼ ਤੋਂ ਰੋਜ਼ਾਨਾ ਦੀ ਗਿਣਤੀ ਵਿਚ ਸਿੱਖ-ਸੰਗਤਾਂ ਹੁਮ-ਹੁਮਾ ਕੇ ਆਈਆਂ ਤੇ ਕੀਰਤਨ ਦਾ ਆਨੰਦ ਮਾਣਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀਆਂ 16 ਕੈਸਟਾਂ ਤਿਆਰ ਕਰ ਰਿਲੀਜ਼ ਵੀ ਕੀਤੀਆਂ। ਇਸੇ ਤਰ੍ਹਾਂ 92 ਵਿਚ ਦੂਜਾ ਸੰਮੇਲਨ ਹੋਇਆ ਜਿਸ ਵਿਚ ਆਦਿ ਗ੍ਰੰਥ ਵਿਚ ਲਿਖੇ ਰਾਗਾਂ ਦੇ ਪ੍ਰਕਾਰ ਗਾਇਨ ਕੀਤੇ ਗਏ। ਵੇਖਣ ਸੁਣਨ ਤੋਂ ਭਾਸਦਾ ਸੀ ਕਿ ਦੋ-ਚਾਰ ਸਾਲਾਂ ਤੱਕ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਸ਼ੁਰੂ ਹੋ ਜਾਏਗਾ। ਪਰ ਐਸਾ ਨਹੀ ਹੋਇਆ, ਉਸ ਦਾ ਕਾਰਨ ਕੀ ਹੈ ਇਸ ਸੰਬੰਧੀ ਕੁਝ ਵਿਚਾਰ ਪੇਸ਼ ਕਰਦਾ ਹਾਂ।

1. ਉੱਤੇ ਮੈਂ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ 70-80 ਸਾਲ ਪਹਿਲਾਂ ਕੀਰਤਨ ਕਰਨ ਦੀ ਇਕ ਮਰਯਾਦਾ ਸੀ। ਭਾਵ, ਜਦੋਂ ਤੱਕ ਕੋਈ ਵੀ ਰਾਗੀ ਸਿੰਘ ਆਦਿ ਗ੍ਰੰਥ ਦੇ ਰਾਗਾਂ ਵਿਚ ਧਰੁਪਦ-ਧਮਾਰ, ਪੜਤਾਲਾਂ ਆਦਿ ਗਾਇਨ ਕਰ ਸੰਗਤਾਂ ਵਿਚ ਆਪਣਾ ਪ੍ਰਭਾਵ ਨਹੀਂ ਸੀ ਪਾਉਂਦਾ, ਉਦੋਂ ਤੱਕ ਉਸ ਦੇ ਰਾਗੀ ਜੱਥੇ ਨੂੰ ਮੁੱਖ ਸਟੇਜ ਤੋਂ ਕੀਰਤਨ ਕਰਨ ਦੀ ਆਗਿਆ ਨਹੀ ਸੀ ਮਿਲਦੀ। ਪਰ ਮੌਜੂਦਾ ਸਮੇਂ ਵਿਚ ਐਸਾ ਨਿਯਮ ਨਹੀ, ਕੇਵਲ ਕੀਰਤਨ ਕਰਨਾ ਹੈ। ਭਾਵੇਂ ਸੁਰ-ਤਾਲ ਵਿਚ ਹੋਵੇ, ਭਾਵੇਂ ਬੇਸੁਰਾ-ਬੇਤਾਲਾ। ਕੋਈ ਫਰਕ ਨਹੀਂ ਪਵੇਗਾ। ਹਾਂ, ਇਕ ਸ਼ਰਤ ਹੈ ਕਿ ਤਨਖਾਹ ਘੱਟ ਤੋਂ ਘੱਟ ਲਵੇ ਅਤੇ ਪ੍ਰਬੰਧਕਾਂ ਦੀ ਆਗਿਆ ਦਾ ਪਾਲਣ ਜ਼ਰੂਰ ਕਰੇ। ਕੀਰਤਨ ਕਰਨ ਤੋਂ ਬਾਅਦ ਦਾੜ੍ਹਾ ਸੰਤੋਖ, ਪੈਂਟ-ਕੋਟ ਪਾ ਕੇ ਜਿੱਥੇ ਮਰਜ਼ੀ ਤੁਰੋ-ਫਿਰੋ।

2. ਵਿਦਿਆਰਥੀ ਪਹਿਲਾਂ ਸੰਤਾਂ-ਮਹੰਤਾਂ ਦੇ ਡੇਰਿਆਂ ਵਿਚ ਸਾਲਾਂ ਬੱਧੀ ਸੁਰ-ਅਭਿਆਸ ਕਰਦੇ ਸਨ। ਬਾਣੀ ਕੰਠ ਕਰਨਾ, ਕੀਰਤਨ ਸਿੱਖਣਾ ਤੇ ਉਸਤਾਦਾਂ ਦੀ ਸੇਵਾ ਭੀ ਕਰਨੀ ਹੁੰਦੀ ਸੀ। ਉਸਤਾਦ ਕੇਵਲ ਐਸੇ ਵਿਦਿਆਰਥੀਆਂ ਨੂੰ ਹੀ ਸਿੱਖਿਆ ਦਿੰਦੇ ਸਨ, ਜਿਨ੍ਹਾਂ ਵਿਚ ਸੇਵਾ-ਭਾਉ, ਸਬਰ-ਸੰਤੋਖ ਅਤੇ ਗੁਣ-ਗ੍ਰਹਿਣ ਕਰਨ ਦੀ ਰੁਚੀ ਪ੍ਰਬਲ ਹੁੰਦੀ ਸੀ। ਪਰ ਹੁਣ ਕਿਸੇ ਉਸਤਾਦ ਦੀ ਲੋੜ ਨਹੀ। ਬਸ, ਕੁਝ ਕੈਸਿਟਾਂ ਨਾਲ ਕੰਮ ਤੁਰ ਪਵੇਗਾ, ਸੌਖੀਆਂ ਅਤੇ ਸਧਾਰਣ ਤਰਜ਼ਾਂ (ਟਿਯੂਨਾਂ) ਕਹਿਰਵਾ-ਦਾਦਰਾ ਤਾਲ ਵਿਚ ਆਉਣੀਆਂ ਕਿਸੇ ਤੋਂ ਸਾਲ ਕੁ ਖੰਡ ਸਿੱਖ ਲਵੇ, ਫਿਰ ਆਪਣਾ ਰਾਗੀ ਜੱਥਾ ਬਣਾ ਕੇ ਕਿਸੇ "ਸਿੰਘ ਸਭਾ" ਗੁਰਦੁਆਰੇ ਲੱਗ ਜਾਓ। ਇੰਜ ਸਹਿਜੇ ਸਹਿਜੇ ਪ੍ਰਸਿੱਧ ਰਾਗੀ ਹੋ ਜਾਓਗੇ। ਸ਼੍ਰੋਮਣੀ ਗੁ. ਪ੍ਰ. ਕਮੇਟੀ ਤੇ ਦਿੱਲੀ ਸਿੱਖ ਗੁ. ਪ੍ਰ. ਕਮੇਟੀ ਵਿਚ ਕਈ ਐਸੇ ਰਾਗੀ ਜੱਥੇ ਕੰਮ ਕਰ ਰਹੇ ਹਨ, ਜਿਹੜੇ ਬਹੁਤ ਹੀ ਬੇਸੁਰੇ ਤੇ ਬਾਣੀ ਭੀ ਅਸ਼ੁੱਧ ਗਾਇਨ ਕਰ ਰਹੇ ਹਨ। ਉਨ੍ਹਾਂ ਵਿਚ ਕੁਝ ਜੱਥੇ ਐਸੇ ਭੀ ਹਨ, ਜਿਨ੍ਹਾਂ ਪਹਿਲਾਂ ਜੋੜੀ (ਤਬਲਾ) ਸਿੱਖਿਆ ਪਰ ਵਜਾ ਨਹੀ ਸਕੇ। ਹੁਣ ਉਨ੍ਹਾਂ ਦੇ ਆਪਣੇ ਰਾਗੀ ਜੱਥੇ ਹਨ ਅਤੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਤੋਂ ਲੱਖਾਂ ਰੁਪਏ ਬਟੋਰ ਕੇ ਵਧੀਆ ਗੱਡੀਆਂ ਲਈ ਫਿਰਦੇ ਹਨ। ਇਹੋ ਸਭ ਕੁਝ ਹੁੰਦਿਆਂ ਫਿਰ ਦੱਸੋ? ਕਿਸੇ ਦਾ ਦਿਮਾਗ ਖਰਾਬ ਹੈ ਕਿ ਉਹ ਸਾਲਾਂ ਬੱਧੀ ਨਿਰਧਾਰਤ ਰਾਗਾਂ ਅਨੁਸਾਰ ਕੀਰਤਨ ਕਰਨ ਦਾ ਅਭਿਆਸ ਕਰੇ। ਜਦੋਂ ਨਿਰਗੁਣ ਤੇ ਬੇਸੁਰਿਆਂ ਨੂੰ ਹਜ਼ਾਰਾਂ ਰੁਪਏ ਮਹੀਨਾ ਸਹਿਜੇ ਮਿਲ਼ਨ ਤਾਂ ਇਹ ਪੰਗਾ ਕਿਉਂ ਲੈਣ।

3. ਪੰਥ ਪ੍ਰਸਿੱਧ ਰਾਗੀ ਭਾਈ ਚਤਰ ਸਿੰਘ ਜੀ (ਸਿੰਧੀ) ਜੋ ਗੁਣੀ ਤੇ ਬਹੁਤ ਮਨੋਹਰ ਕੀਰਤਨ ਕਰਦੇ ਹਨ। ਆਪ ਨਾਲ ਜੋ ਮੇਰੀ ਗੱਲ-ਬਾਤ ਹੋਈ ਉਸ ਨੂੰ ਲਿਖ ਕੇ ਆਪਣੇ ਮਜ਼ਮੂਨ ਦੀ ਸਮਾਪਤੀ ਕਰਾਂਗਾ। ਗਿਆਰਾਂ ਸਾਲ ਪਹਿਲਾਂ ਦੀ ਗੱਲ ਹੈ, ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਸੀ। ਵੀਹ-ਪੰਜੀ ਰਾਗੀ ਜੱਥੇ ਹਾਜ਼ਰੀ ਭਰਨ ਲਈ ਪਹੁੰਚੇ ਸਨ। ਉਥੋਂ ਦੀ ਮਰਯਾਦਾ ਅਨੁਸਾਰ ਹਰ ਜੱਥੇ ਨੂੰ ਪਹਿਲਾਂ ਉਸੇ ਰਾਗ ਦਾ ਸ਼ਬਦ ਗਾਉਣਾ ਹੁੰਦਾ ਹੈ, ਜਿਸ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਬਦ ਉਚਾਰਣ ਕੀਤਾ ਹੈ। ਸ੍ਰੀ ਮੰਜੀ ਸਾਹਿਬ ਵਿਖੇ ਬਹੁਤ ਸੁੰਦਰ ਦੋ ਸਟੇਜਾਂ ਤੋਂ ਵਾਰੋ ਵਾਰੀ ਰਾਗੀ ਸਿੰਘ ਸੰਗਤਾਂ ਨੂੰ ਕੀਰਤਨ ਸੁਣਾਅ ਰਹੇ ਸਨ। ਮੈਂ ਤੇ ਭਾਈ ਚਤਰ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਹਾਲ ਦੇ ਸਾਹਮਣੇ ਖੜੋਤੇ ਸਾਂ, ਲਗਭਗ ਦੱਸ ਕੁ ਵਜੇ ਰਾਤ ਦਾ ਸਮਾਂ ਸੀ; ਸਟੇਜ ਤੋਂ ਆਵਾਜ਼ ਆਈ ਕਿ ਸਾਧ-ਸੰਗਤ ਜੀ ਹੁਣ ਪੰਥ ਦੇ ਮਹਾਨ ਵਿਦਵਾਨ, ਉੱਚ ਕੋਟੀ ਦੇ ਰਾਗੀ, ਜੋ ਅਤੀ ਮਨੋਹਰ ਕੀਰਤਨ ਕਰਦੇ ਹਨ। ਆਪ

ਜੀ ਨੂੰ ਕੀਰਤਨ ਰਾਹੀਂ ਨਿਹਾਲ ਕਰਨਗੇ। ਭਾਈ ਸਾਹਿਬ ਨੇ ਕੇਵਲ ਮਰਯਾਦਾ ਨਿਭਾਉਣ ਵਾਸਤੇ ਸ਼ੁਰੂ ਕੀਤਾ "ਕਾਨੜੇ ਕੀ ਵਾਰ" ਸਲੋਕ ਮ. ੪॥ ਹਉ ਢੂੰਢੇਂਦੀ ਸਜਣਾ, ਸਜਣੁ ਮੈਡੈ ਨਾਲਿ॥ (ਰਾਗ ਦਰਬਾਰੀ ਕਾਨੜਾ, ਤਿੰਨ ਤਾਲ) ਵਿਚ ਗਾਇਨ ਕੀਤਾ, ਇਹ ਐਸੀ ਸਧਾਰਣ ਤੇ ਪ੍ਰਚੱਲਤ ਸ਼ਬਦ ਗੀਤ ਹੈ, ਜਿਸਨੂੰ 10-12 ਸਾਲ ਦਾ ਬੱਚਾ ਵੀ ਗਾ ਸਕਦਾ ਹੈ। ਉਸ ਤੋਂ ਬਾਅਦ 'ਕਹਿਰਵਾ ਤਾਲ' ਵਿਚ ਆਪਣੀ ਮਾਸਟਰ ਪੀਸ ਟਿਯੂਨ ਗਾਉਣ ਲੱਗਾ ਅਤੇ ਕਿਹਾ-ਸਾਧ ਸੰਗਤ ਜੀ ਕਰੋ ਰਸਨਾ ਪਵਿਤ੍ਰ ਮਿਲਕੇ ਬੋਲੋ। ਅਸੀਂ ਜੋ ਗੱਲਾਂ ਕਰ ਰਹੇ ਸਾਂ। ਉਹ ਭੁੱਲ ਗਈਆਂ, ਮੈਂ ਭਾਈ ਚਤਰ ਸਿੰਘ ਜੀ ਨੂੰ ਪੁੱਛਿਆ? ਬੱਸ, ਇਹੋ ਅਲੌਕਿਕ ਤੇ ਸ਼੍ਰੋਮਣੀ ਕੀਰਤਨ ਦਰਬਾਰ ਦੀ ਮਹੱਤਤਾ ਰਹਿ ਗਈ। ਉਹ ਮੇਰੀ ਗੱਲ ਸੁਣ ਕੇ ਹੱਸ ਪਿਆ। ਫਿਰ ਥੋੜਾ ਗੰਭੀਰ ਹੋ ਮੈਨੂੰ ਕਹਿਣ ਲੱਗਾ ਲੱਗਦਾ ਹੈ ਕਾਫੀ ਸਾਲਾਂ ਬਾਅਦ ਆਏ ਹੋ। ਹੁਣ ਤਾਂ ਇਹੋ ਕੁਝ ਹੈ ਭਾਈ ਸਾਹਿਬ ਉਸ ਫਿਰ ਕਿਹਾ ਗੁੱਸੇ ਨਾ ਹੋਣਾ ਸੱਚੀ ਗੱਲ ਕਹਾਂ, ਮੈਂ ਕਿਹਾ ਸੱਚੀ ਗੱਲ ਹੀ ਤੇਰੇ ਤੋਂ ਸੁਣਨਾ ਚਾਹੁੰਦਾ ਹਾਂ। ਕਿਉਂਕਿ ਤੂੰ ਮੇਰਾ ਗੁਰਭਾਈ ਹੈ ਅਤੇ ਮਿੱਤ੍ਰ ਭੀ ਉਸ ਲੰਬਾ ਸਾਹ ਲਿਆ ਤੇ ਕਹਿਣ ਲੱਗਾ। ਅੱਜ-ਕੱਲ ਇਸ ਤਰ੍ਹਾਂ ਦਾ ਕੀਰਤਨ ਸੁਣਕੇ ਮੈਨੂੰ ਬਹੁਤ ਦੁਖ ਹੁੰਦਾ ਹੈ। ਤੁਸਾਂ ਮੰਗਤੇ ਦੇਖੇ ਹਨ। ਉਨ੍ਹਾਂ ਦੇ ਹੱਥ ਇਕ ਠੂਠਾ ਹੁੰਦਾ ਹੈ। ਬਸ ਸਮਝ ਲੈ ਇਹ ਵਾਜਾ (ਹਾਰਮੋਨੀਅਮ) ਸਾਡਾ ਠੂਠਾ ਹੈ ਅਤੇ ਅਸੀਂ ਗੁਰਬਾਣੀ ਗਾ ਕੇ ਸੰਗਤਾਂ ਤੋਂ ਮੰਗ ਰਹੇ ਹਾਂ। ਇਸ ਤੋਂ ਵੱਧ ਹੋਰ ਕੁਝ ਮੇਰੀ ਸਮਝ ਤੋਂ ਬਾਹਰ ਹੈ।

# ਹਰਿਮੰਦਰ ਸਾਹਿਬ ਦੀ ਸੰਗੀਤ ਪਰੰਪਰਾ

**ਡਾ. ਦਰਸ਼ਨ ਸਿੰਘ ਨਰੂਲਾ**
ਮੁਖੀ ਸੰਗੀਤ ਵਿਭਾਗ
ਡੀ.ਏ.ਵੀ. ਕਾਲਜ, ਮਲੋਟ

ਉੱਤਰੀ ਭਾਰਤ ਦੇ ਪ੍ਰਸਿੱਧ ਨਗਰ 'ਅੰਮ੍ਰਿਤਸਰ' ਦੀ ਸਥਾਪਨਾ 1577 ਈ. ਵਿਚ ਗੁਰੂ ਰਾਮਦਾਸ ਜੀ ਦੁਆਰਾ ਪਵਿੱਤਰ ਸਰੋਵ੍ਰ ਦੀ ਆਰੰਭਤਾ ਨਾਲ (1534 ਈ. ਤੋਂ 1581 ਈ.) ਹੋਈ। ਇਸਦਾ ਪੁਰਾਣਾ ਨਾਮ ਰਾਮਦਾਸਪੁਰ ਜਾਂ ਚੱਕ ਰਾਮਦਾਸ ਸੀ। ਗੁਰੂ ਅਰਜਨ ਦੇਵ ਜੀ ਨੇ (1563-1606) ਸਰੋਵਰ ਦੇ ਵਿਚਕਾਰ 'ਹਰਿਮੰਦਰ' ਉਸਾਰੀ ਕੀਤੀ, ਜਿਸ ਨੂੰ ਬਾਅਦ ਵਿਚ 'ਦਰਬਾਰ ਸਾਹਿਬ' (ਗੋਲਡਨ ਟੈਂਪਲ) ਕਿਹਾ ਜਾਣ ਲਗ ਪਿਆ। ਇਸ ਦੌਰਾਨ 16 ਅਗਸਤ 1604 ਈ. ਨੂੰ ਹਰਿਮੰਦਰ ਸਾਹਿਬ ਵਿਖੇ ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼ ਕੀਤਾ ਗਿਆ।[1]

1595-1644 ਈ. ਦੌਰਾਨ ਗੁਰੂ ਹਰਿ ਗੋਬਿੰਦ ਜੀ ਨੇ 'ਡਿਊੜੀ ਸਾਹਿਬ' ਦੇ ਸਾਹਮਣੇ 'ਅਕਾਲ ਤਖ਼ਤ' ਦੀ ਉਸਾਰੀ ਕੀਤੀ। ਹਰੇਕ ਧਰਮ ਦੇ ਲੋਕ ਇੱਥੇ ਦਰਸ਼ਨ ਕਰਨ ਆਉਂਦੇ ਹਨ। ਇਸ਼ਨਾਨ ਕਰਦੇ ਹਨ ਅਤੇ ਇਲਾਹੀ ਸੰਗੀਤ (ਗੁਰਬਾਣੀ ਕੀਰਤਨ) ਸਰਵਣ ਕਰਦੇ ਹਨ। ਚਾਰੇ ਪਾਸੇ ਇਕ ਵਿਸ਼ਾਲ ਪ੍ਰਕਰਮਾਂ ਅਤੇ ਉਸਦੇ ਇਰਦ-ਗਿਰਦ ਲੰਮੇ-ਬਰਾਂਡੇ, ਚਾਰ ਡਿਊੜੀਆਂ, ਅਨੇਕਾਂ ਬੁੰਗੇ, ਸੰਗਮਰਮਰ ਦੀ ਭਵਨ ਉਸਾਰੀ ਅਤੇ ਸਰੋਵਰ ਦੀ 'ਜਲ ਲਹਿਰੀ' ਦੇ ਨਾਲ ਜਦੋਂ ਹਰਿਮੰਦਰ ਦੇ ਇਲਾਹੀ-ਸੰਗੀਤ ਦੀਆਂ ਧੁਨਾਂ ਆਰੰਭ ਹੁੰਦੀਆਂ, ਤਾਂ ਸੰਗਤਾਂ (ਸਰੋਤੇ ਅਤੇ ਦਰਸ਼ਕ) ਮੰਤਰ ਮੁਗਧ ਹੋ ਕੇ, ਘੰਟਿਆਂ ਬੱਧੀ, ਇਸ ਅਲੌਕਿਕ-ਵਾਤਾਵਰਣ ਵਿਚ ਘੰਟਿਆਂ ਬੱਧੀ ਬੈਠ ਕੇ ਗੁਰਮਤਿ ਸੰਗੀਤ ਦਾ ਆਨੰਦ ਮਾਣਦੀਆਂ ਹਨ।

*"ਡਿਠੇ ਸਭੇ ਥਾਵ ਨਾਹਿ ਤੁਧ ਜੇਹਿਆ॥"* ਦੀ ਭਾਵਨਾ ਜਾਗ੍ਰਤ ਹੁੰਦੀ ਹੈ। 'ਵਿਸਮਾਦੀ ਨਾਦ' ਦੀ ਗੂੰਜ ਨਾਲ 'ਮਨ' ਇਕ ਅਕਾਲ ਪੁਰਖ ਨਾਲ ਜੁੜ ਜਾਂਦਾ ਹੈ।

ਲਗਭਗ 400 ਸਾਲਾਂ ਤੋਂ, ਲਗਾਤਾਰ ਹਰਿਮੰਦਰ ਸਾਹਿਬ ਵਿਖੇ, ਗੁਰਬਾਣੀ-ਕੀਰਤਨ (ਗੁਰਬਾਣੀ-ਸੰਗੀਤ) ਜਿਸਨੂੰ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ, ਦਾ ਪ੍ਰਵਾਹ ਜਾਰੀ ਹੈ। ਗਰਮੀਆਂ ਦੇ ਮੌਸਮ ਵਿਚ ਘੱਟੋ-ਘੱਟ 20 ਘੰਟੇ ਅਤੇ ਸਰਦੀਆਂ ਵਿਚ ਘੱਟੋ-ਘੱਟ 18 ਘੰਟੇ, ਨਿੱਤਪ੍ਰਤੀ ਕੀਰਤਨ ਗਾਇਨ ਹੁੰਦਾ ਹੈ। ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ।

*ਆਵਹੁ ਸਿਖ ਸਤਿਗੁਰ ਕੇ ਪਿਆਰਿਹੋ,*
*ਗਾਵਹੁ ਸਚੀ ਬਾਣੀ॥*

ਰਾਮਕਲੀ ਮਹਲਾ 3, ਪੰਨਾ 920

ਹਰਿਮੰਦਰ ਸਾਹਿਬ ਵਿਖੇ, ਕੀਰਤਨ ਕਰਨ ਵਾਲੇ ਜੱਥੇ ਵਿਚ ਬੜੇ ਵਿਦਵਾਨ, ਰਾਗੀ-ਰਬਾਬੀ ਹੁੰਦੇ ਹਨ। ਸੰਸਾਰ ਦੇ ਕਿਸੇ ਵੀ ਧਾਰਮਿਕ-ਸਥਾਨ 'ਤੇ ਅਜਿਹਾ ਸੰਗੀਤਕ-ਪ੍ਰਬੰਧ ਨਹੀਂ ਹੈ ਜਿੱਥੇ ਸੈਂਕੜੇ ਸਾਲਾਂ ਤੋਂ *"ਦਿਨ ਰੈਨਿ ਕੀਰਤਨ ਗਾਈਐ, ਹਰਿ ਬਹੁਰ ਨ ਜੋਨਿ ਪਾਈਐ॥"* ਦੇ ਮਹਾਂਵਾਕ ਅਨੁਸਾਰ ਦਿਨ-ਰਾਤ 'ਕੀਰਤਨ' ਹੁੰਦਾ ਹੋਵੇ।

ਹਰਿਮੰਦਰ ਸਾਹਿਬ ਦੀ ਪ੍ਰਾਚੀਨ ਗਾਇਨ ਸ਼ੈਲੀ ਦੇ ਸਬੰਧ ਵਿਚ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਲਿਖਦੇ ਹਨ।[2]

ਗੁਰੂ ਸਾਹਿਬ ਨੇ ਜੋ ਕੀਰਤਨ ਦੀ ਮਰਿਯਾਦਾ ਕਾਇਮ ਕੀਤੀ ਅਤੇ ਜਿਸ ਤਰ੍ਹਾਂ ਪੁਰਾਣੇ ਕੀਰਤਨੀਏਂ, ਰਾਗੀ ਸਿੰਘ ਤੇ ਰਬਾਬੀ ਕੀਰਤਨ ਕਰਦੇ ਸਨ, ਉਹ ਲਿਖਣੀ ਵੀ ਜ਼ਰੂਰੀ ਬਣਦੀ ਹੈ।[2]

ੳ) ਪਹਿਲੇ ਸ਼ਾਨ ਜਾਂ ਲਹਿਰਾ (ਨਗ਼ਮਾ) ਵਜਾਉਣਾ।

ਅ) ਫਿਰ ਮੰਗਲਾਚਰਣ (ਡੰਡੌਤ ਬੰਦਨ) ਧਮਾਰ ਜਾਂ ਚਾਰਤਾਲ।

ੲ) ਫਿਰ ਧਰੁਪਦ ਜਾਂ ਕਿਸੇ ਵੱਡੇ ਤਾਲ ਦੀ ਕੋਈ ਗੀਤ-ਗਾਉਣੀ ਅਤੇ ਉਸ ਗੀਤ ਨਾਲ ਜੋੜੀ (ਤਬਲਾ ਵਾਦਕ) ਵਾਲੇ ਸੱਜਣ ਨੇ ਗਤ (ਬੰਦ ਹੱਥਾਂ ਨਾਲ) ਜਾਂ ਸਾਥ (ਖੁੱਲੇ ਹੱਥਾਂ ਨਾਲ) ਬੋਲ, ਲਗਾਂ, ਪਰਨਾਂ, ਵਜਾਉਣੀਆਂ ਅਤੇ ਠਾਅ, ਦੁੱਗਣ, ਤਿੱਗੁਣ, ਚੌਗੁਣ, ਆੜ, ਕੁਆੜ, ਲੈਕਾਰੀਆਂ ਬਦਲਨੀਆਂ। ਐਸੇ ਤਰੀਕੇ ਨਾਲ ਅਲੌਕਿਕ ਰੰਗ ਬਣਦਾ ਸੀ।

ਸ) ਫਿਰ ਕੋਈ ਸੌਖੀ-ਗੀਤ (ਸਰਲ ਬੰਦਿਸ਼) ਗਾਉਣੀ ਅਤੇ ਲੋੜ ਅਨੁਸਾਰ ਵਿਆਖਿਆ ਜਾਂ ਸਾਖੀ ਆਦਿਕ ਕਰਨੀ।

ਹ) ਅਖੀਰ ਵਿਚ ਉਸੇ ਰਾਗ ਵਿਚ 'ਪਉੜੀ' ਗਾਉਣੀ

ਅਤੇ ਕੀਰਤਨ ਦੀ ਸਮਾਪਤੀ ਕਰਨੀ।

ਸਮੇਂ-ਸਮੇਂ ਅਨੁਸਾਰ, ਵਿਦਵਾਨਾਂ ਨੇ ਵਿਚਾਰ ਵਟਾਂਦਰੇ ਕੀਤੇ ਅਤੇ 'ਕੀਰਤਨ-ਗਾਇਨ' ਦੇ ਨਿਯਮ ਵੀ ਬਣਾਏ। ਅੰਤ੍ਰਿਗ ਕਮੇਟੀ ਦੇ ਮਤਾ ਨੰ 728 ਮਿਤੀ 30.9.1993 ਦੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਸਬ ਕਮੇਟੀ ਵਲੋਂ ਕੀਰਤਨ ਸੰਬੰਧੀ ਕੁਝ ਹਦਾਇਤਾਂ ਇਸ ਪ੍ਰਕਾਰ ਹਨ:[3]

1. ਰੇਡਿਓ ਪ੍ਰਸਾਰਣ ਸਮੇਂ ਰਾਗੀ ਸਿੰਘ, ਸ਼ਬਦ ਨੂੰ ਇਕ ਜਾਂ ਦੋ ਮਿੰਟ ਪਹਿਲਾਂ ਸਮਾਪਤੀ ਤੇ ਲੈ ਆਉਣ ਅਤੇ ਖਤਮ ਕਰਨ ਸਮੇਂ ਉਸਨੂੰ ਦੁਬਾਰਾ ਪੜ੍ਹ ਲਿਆ ਕਰਨ ਤਾਂ ਕਿ ਸ਼ਬਦ ਦੀ ਤੁਕ ਪ੍ਰਸਾਰਨ ਸਮੇਂ ਕੱਟੀ ਨਾ ਜਾਵੇ।

2. ਕੀਰਤਨ ਦਾ ਸਮੁੱਚਾ ਪ੍ਰਭਾਵ, ਇਕ-ਸੁਰਤਾ ਵੱਲ, ਲਿਵ ਜੋੜਨ ਵੱਲ ਹੋਣਾ ਚਾਹੀਦਾ ਹੈ। ਬਿਖਰੇਵੇਂ ਜਾਂ ਚੰਚਲਤਾਈ ਵੱਲ ਨਹੀਂ। ਸ਼ਬਦ ਸੁਰਤ ਦਾ ਮਿਲਾਪ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਲਈ ਉੱਚੀ ਅਵਾਜ਼ ਵਿਚ ਨਹੀਂ ਬੋਲਣਾ ਚਾਹੀਦਾ। ਸਾਜ਼ ਇਕ ਦੂਜੇ 'ਤੇ ਭਾਰੂ ਨਹੀਂ ਹੋਣੇ ਚਾਹੀਦੇ।

3. ਸ੍ਰੀ ਹਰਿਮੰਦਰ ਸਾਹਿਬ ਵਿਖੇ, ਜਪੁਜੀ ਸਾਹਿਬ ਦਾ ਕੀਰਤਨ ਨਹੀਂ ਹੋਣਾ ਚਾਹੀਦਾ 'ਜੋਟੀ' ਦੇ ਸ਼ਬਦ ਨਹੀਂ ਪੜ੍ਹੇ ਜਾਣੇ ਚਾਹੀਦੇ ਅਤੇ 'ਸ਼ਬਦ' ਫ਼ਿਲਮੀ ਤਰਜ਼ਾਂ ਵਿਚ ਨਹੀਂ ਪੜ੍ਹੇ ਜਾਣੇ ਚਾਹੀਦੇ।

4. ਦੋ-ਗਾਣੇ ਵਾਂਗ, ਇਕ ਸਿੰਘ ਉੱਚੀ ਆਵਾਜ਼ ਵਿਚ ਅਤੇ ਦੂਜਾ ਸਿੰਘ ਨੀਂਵੀ ਆਵਾਜ਼ ਵਿਚ, ਸ਼ਬਦ ਗਾਇਨ ਨਾ ਕਰਿਆ ਕਰੇ।

5. ਪੁਰਾਤਨ-ਰਹੁ-ਰੀਤਾਂ ਅਤੇ ਰਾਗਾਂ ਵਿਚ ਕੀਰਤਨ ਕੀਤਾ ਜਾਇਆ ਕਰੇ। ਕੀਰਤਨ ਸਮੇਂ, ਇਕੋ ਭਾਵ ਵਾਲੇ ਸ਼ਬਦ ਪੜ੍ਹੇ ਜਾਇਆ ਕਰਨ। ਇਕੋ ਪ੍ਰਕਰਣ ਹੋਵੇ ਤਾਂ ਜੋ ਸ਼ਬਦ 'ਭਾਵ' ਸਰੋਤਿਆਂ ਦੀ ਸਮਝ ਆਵੇ।

ਸਿੱਖ ਧਰਮ ਅਤੇ ਗੁਰਮਤਿ ਸੰਗੀਤ ਦਾ ਇਤਿਹਾਸਕ ਅਤੇ ਕੇਂਦਰੀ ਸਥਾਨ: ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਮੰਨਿਆਂ ਜਾਂਦਾ ਹੈ ਅਤੇ ਇਸ ਦੀ ਮੂਲ ਵਿਚਾਰਧਾਰਾ ਤੇ ਗਾਇਨ-ਸ਼ੈਲੀ ਦਾ ਮੂਲ ਆਧਾਰ 'ਆਦਿ-ਗ੍ਰੰਥ' (ਗੁਰੂ ਗ੍ਰੰਥ ਸਾਹਿਬ) ਮੰਨਿਆਂ ਜਾਂਦਾ ਹੈ। ਇਸਦਾ ਪ੍ਰਥਮ ਪ੍ਰਕਾਸ਼-16 ਅਗਸਤ 1604 ਈ. ਨੂੰ 'ਹਰਿਮੰਦਰ' ਵਿਖੇ ਹੋਇਆ ਅਤੇ 400 ਸੌ ਸਾਲਾ ਪ੍ਰਕਾਸ਼ ਉਤਸਵ 16 ਅਗਸਤ 2004 ਨੂੰ ਮਨਾਇਆ ਜਾਵੇਗਾ।

1958 ਵਿਚ ਭਾਈ ਵੀਰ ਸਿੰਘ ਜੀ ਨੇ ਅਪਣੀ ਪੁਸਤਕ 'ਗੁਰਮਤਿ ਸੰਗੀਤ ਨਿਰਣਯ' ਵਿਚ ਲਿਖਿਆ ਕਿ ਇਸ ਪੁਸਤਕ ਦਾ ਆਰੰਭ, ਜਿੱਥੇ ਯੂਨੀਵਰਸਿਟੀ ਵਿਚ ਇਕ ਵਿਸ਼ੇ ਵਜੋਂ ਮਨਜ਼ੂਰ ਕਰਾਉਣ ਦਾ ਹੈ, ਉਥੇ ਇਸ ਦੀ ਸਫਲਤਾ ਇਸ ਵਿਚ ਹੈ ਕਿ 'ਗੁਰਮਤਿ ਸੰਗੀਤ' ਸਬੰਧੀ ਰਾਗੀ-ਰਬਾਬੀ ਸੱਜਣ ਮਿਹਨਤ ਕਰਨ 'ਤੇ ਧਿਆਨ ਦੇਣ ਤਾਂਕਿ:[4]

1. ਗੁਰਬਾਣੀ ਰਾਗਾਂ ਵਿਚ ਗਾਇਨ ਹੋਵੇ।

2. ਰਾਗ ਗੁਰਬਾਣੀ ਦੇ ਅੰਸ਼ ਅਨੁਕੂਲ ਹੋਣ।

3. ਰਾਗ ਆਪਣੇ ਸਮੇਂ ਸਿਰ ਗਾਏ ਜਾਣ।

4. ਕੀਰਤਨ ਨਿਰੋਲ ਗੁਰਬਾਣੀ ਤੇ ਪ੍ਰਮਾਣਿਕ ਬਾਣੀ ਦੇ ਹੋਣ।

5. ਕੀਰਤਨ ਵਿਚ ਵਿਆਖਿਆ ਨਾ ਕੀਤੀ ਜਾਵੇ। ਕੀਰਤਨ-ਕੀਰਤਨ ਹੋਵੇ, ਵਿਆਖਿਆ-ਵਿਆਖਿਆ ਹੋਵੇ, ਮਿਲਗੋਭਾ ਨਾ ਹੋਵੇ।

6. ਪੁਰਾਣੇ ਰਾਗੀ-ਰਬਾਬੀ, ਗੁਰਬਾਣੀ ਦੇ ਅਭਿਆਸੀ ਸਿੱਖ ਸਨ, ਉਹ ਪ੍ਰਮਾਣ: ਸੁੱਤੇ-ਸਿੱਧ ਆਪਣੇ ਆਪ ਵਿਚਾਰਗੋਚਰ ਹੋ ਜਾਂਦੇ ਹਨ ਅਤੇ ਸ੍ਰੋਤਿਆਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਹੁਲਾਰਾ ਦਿੰਦੇ ਹਨ।

7. ਹਰੀ ਕੀਰਤਨ ਅਤੇ ਹਰੀ-ਜੱਸ ਨੂੰ ਸੁਣ ਕੇ ਕੇਵਲ ਅਨੰਦ ਅਨੰਦ ਹੀ ਨਹੀਂ ਮਾਨਣਾ, ਉਸ ਨੂੰ ਹਿਰਦੇ ਵਿਚ ਵੀ ਵਸਾਉਣਾ ਚਾਹੀਦਾ ਹੈ ਜਿਵੇਂ ਕਾਗਜ਼ 'ਤੇ ਲਿਖਿਆ ਨਹੀਂ ਮਿਟਦਾ। ਇਸ ਕਰਕੇ ਗੁਰੂ ਜੀ ਨੇ ਲਿਖਿਆ:

***ਹਰਿ ਕੀਰਤਨ ਸੁਣੈ ਹਰ ਹਰਿ ਗੁਣ ਰਵਾ***
***ਹਰ ਜਸ ਮਨ ਲਿਖਾ॥***

8. ਅੱਠੇ ਪਹਿਰ ਨਾਮ ਦਾ ਪਰਵਾਹ-ਹਰੀ ਕੀਰਤਨ ਹੈ। ਮਹਾਵਾਕ:

***ਕੀਰਤਨ ਨਿਰਮੋਲਕ ਹੀਰਾ॥ ਅਨੰਦ ਗੁਣੀ ਗਹੀਰਾ॥***

ਰਾਮਕਲੀ ਮਹਲਾ 5

ਅੱਜ ਵੀ ਹਰਿਮੰਦਰ ਸਾਹਿਬ ਵਿਖੇ ਸ਼ਬਦ-ਚੌਕੀ ਅਰਥਾਤ ਚਾਰ-ਅੰਗਾਂ ਸਹਿਤ ਕੀਰਤਨ ਕੀਤਾ ਜਾਂਦਾ ਹੈ। ਜਿਵੇਂ 1. ਸ਼ਾਨ-ਲਹਿਰਾ (ਨਗਮਾ) ਤਬਲਾ ਜਾਂ ਮ੍ਰਿਦੰਗ। 2. ਡੰਡਾਉਤ ਬੰਦਨ (ਬਿਲੰਬਤ ਖਿਆਲ ਸ਼ੈਲੀ) ਚਾਰਤਾਲ, ਏਕਤਾਲ। 3. ਝਪਤਾਲ, ਰੂਪਕ, ਕਹਿਰਵਾ, ਤੀਨਤਾਲ ਵਿਚ, ਸ਼ਬਦ ਗਾਇਨ। 4. ਸਲੋਕ-ਪਉੜੀ ਗਾਇਨ, ਤੋਂ ਬਾਅਦ ਸਮਾਪਤੀ।

ਨੋਟ:- ਚੌਕੀ ਦੇ ਅਰਥ -ਚਾਰ ਪਾਵੇ ਹਨ। ਕੀਰਤਨ ਦੇ ਚਾਰ ਪ੍ਰਮੁੱਖ ਅੰਗ ਹਨ। ਇਸੇ ਨੂੰ ਸ਼ਬਦ ਚੌਕੀ ਕਹਿੰਦੇ ਹਨ।[5]

ਪ੍ਰਸਿੱਧ ਵਿਦਵਾਨ ਸ੍ਰੀ ਦਲੀਪ ਚੰਦਰ ਵੇਦੀ ਜੀ ਦੇ

ਵਿਚਾਰ ਅਨੁਸਾਰ, ਗੁਰੂ ਸਾਹਿਬਾਨ ਦੇ ਜੀਵਨ ਕਾਲ (15ਵੀਂ ਸਦੀ) ਤੋਂ ਲੈ ਕੇ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ (19ਵੀਂ ਸਦੀ) ਤਕ, ਇਹ ਨਿਸਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਉਦੋਂ ਤੱਕ - ਗੁਰਬਾਣੀ ਕੀਰਤਨ: ਨਿਰਧਾਰਤ ਰਾਗਾਂ ਵਿਚ ਹੀ ਗਾਇਨ ਕੀਤਾ ਜਾਂਦਾ ਸੀ ਪ੍ਰੰਤੂ ਅੰਗਰੇਜ਼ੀ ਰਾਜ ਕਾਲ ਵਿਚ, ਲਾਊਡ ਸਪੀਕਰ (ਸਾਊਂਡ ਸਿਸਟਮ) ਭਾਰਤੀ ਸਿਨੇਮਾ ਦੇ ਪ੍ਰਵੇਸ਼ ਨਾਲ ਫਿਲਮ ਸੰਗੀਤ ਦੀ ਲੋਕ ਪ੍ਰਿਅਤਾ ਅੰਗਰੇਜ਼ੀ ਸੱਭਿਅਤਾ ਤੋਂ ਉਪਜੇ ਪ੍ਰਭਾਵਾਂ ਦੇ ਕਾਰਨ, ਹੌਲੀ ਹੌਲੀ ਗੁਰਬਾਣੀ-ਕੀਰਤਨ ਵਿਚ ਵੀ ਕੁਛ ਪਰਿਵਰਤਨ ਆਰੰਭ ਹੋ ਗਏ। 1974 ਵਿਚ ਭਾਰਤ ਪਾਕ ਵਿਭਾਜਨ ਦੀ ਸਥਿਤੀ ਵਿਚ ਹੋਏ ਦੰਗਿਆਂ ਦੀ ਸਥਿਤੀ ਦੇ ਕਾਰਨ ਅਨੇਕਾਂ-ਰਬਾਬੀ ਕੀਰਤਨੀਏ ਪਾਕਿਸਤਾਨ ਚਲੇ ਗਏ। ਲਲਿਤ ਕਲਾਵਾਂ, ਸੰਗੀਤ ਕਲਾ ਅਤੇ ਗੁਰਬਾਣੀ ਸੰਗੀਤ ਦੀ ਸਿੱਖਿਆ ਦਾ ਵਿਕਾਸ ਲਗਭਗ 10 ਸਾਲ ਛਿੰਨ ਭਿੰਨ ਹੋ ਗਿਆ। ਭਾਵੇਂ ਹਰਿਮੰਦਰ ਸਾਹਿਬ ਵਿਖੇ, ਕੀਰਤਨ ਦਾ ਪ੍ਰਵਾਹ ਜਾਰੀ ਰਿਹਾ ਪਰੰਤੂ ਰਾਜਸੀ, ਸਮਾਜਿਕ ਅਤੇ ਵਿਗਿਆਨਕ ਤਬਦੀਲੀਆਂ ਦੇ ਕਾਰਨ ਲੋਕਾਂ ਵਿਚ ਨਵੇਂ ਸਿਰੇ ਤੋਂ ਜੀਵਨ ਨਿਰਬਾਹ ਦੇ ਲਈ ਆਰਥਿਕ ਸੰਕਟ ਖੜੇ ਹੋ ਗਏ। ਕਲਾਵਾਂ ਦੇ ਵਿਕਾਸ ਵਿਚ ਰੁਕਾਵਟ ਪੈ ਗਈ। ਕਲਾਕਾਰਾਂ ਨੇ ਮਿਹਨਤ ਘੱਟ ਕਰ ਦਿੱਤੀ। ਰਾਗੀਆਂ ਅਤੇ ਰਬਾਬੀਆਂ ਦੇ ਪੁੱਤਰਾਂ ਨੇ, ਕਚੀਆਂ ਧੁਨਾਂ ਅਤੇ ਫਿਲਮੀਂ ਤਰਜ਼ਾਂ ਤੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ।[6]

ਕਈ ਸਾਲਾਂ ਤੋਂ ਰੇਡੀਓ ਅਤੇ ਟੀ.ਵੀ. ਤੋਂ ਹਰਿਮੰਦਰ ਸਾਹਿਬ ਦੇ 'ਗੁਰਮਤਿ-ਸੰਗੀਤ' ਸਿੱਧਾ ਪ੍ਰਸਾਰਨ ਵੀ ਹੋ ਰਿਹਾ ਹੈ। ਇਹ ਪ੍ਰਸੰਸਾਜਨਕ ਹੈ। ਇਸ ਨਾਲ, ਇਸ ਦੀ ਲੋਕਪ੍ਰਿਅਤਾ ਵਿਚ ਵਾਧਾ ਹੋਇਆ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ, ਗੁਰਮਤਿ ਸੰਗੀਤ ਨੂੰ, ਇਕ ਚੋਣਵੇਂ ਵਿਸ਼ੇ ਵਜੋਂ ਮਾਨਤਾ Recognition as a Elective Subject ਪ੍ਰਾਪਤ ਹੈ, ਇਸ ਲਈ ਕਰੋੜਾਂ ਲੋਕਾਂ ਦਾ ਧਿਆਨ, ਇਸ ਪਾਸੇ ਵੱਲ ਰੁਚਿਤ ਹੋ ਰਿਹਾ ਹੈ। ਇਹ ਸਭ ਹਰਿਮੰਦਰ ਸਾਹਿਬ ਦੀ ਸੰਗੀਤ ਪਰੰਪਰਾ ਦਾ ਇਤਿਹਾਸਕ ਵਿਕਾਸ ਹੈ। ਸ਼ੁਭ ਲੱਛਣ ਹੈ। ਅਮੋਲਕ ਵਿਰਸੇ ਦੀ ਸੁਰੱਖਿਆ-ਸੰਭਾਲ ਕੀਤੀ ਜਾ ਸਕਦੀ ਜੇ ਕਰ ਸਿੱਖ ਸਮਾਜ ਦੀਆਂ ਸ਼੍ਰੋਮਣੀ ਜਥੇ ਬੰਦੀਆਂ ਅਤੇ ਵਿਦਿਅਕ ਅਦਾਰੇ ਇਸ ਪਾਸੇ ਧਿਆਨ ਦੇਣ ਤਾਂ।

ਇਤਿਹਾਸਕ ਗੁਰਦੁਆਰਿਆਂ ਵਿਚ ਇਸਤਰੀ ਕੀਰਤਨ-ਜੱਥਿਆਂ ਨੂੰ 'ਕੀਰਤਨ' ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਹਰੇਕ ਵਿਅਕਤੀ ਦੇ ਮਨ ਅਤੇ ਦਿਮਾਗ ਵਿਚ ਇਹ ਪ੍ਰਸ਼ਨ ਹੈ ਕਿ ਬੀਬੀਆਂ ਦੇ ਕੀਰਤਨ ਤੇ ਗੁਰੇਜ਼ ਕਿਉਂ? ਸਿੱਖ ਧਰਮ ਵਿਚ, ਇਸਤਰੀ ਅਤੇ ਪੁਰਖ ਨੂੰ ਸਮਾਨ ਦਰਜਾ ਤੇ ਸਤਿਕਾਰ ਪ੍ਰਾਪਤ ਹੈ। ਉਪਰੋਕਤ ਸੰਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਤੱਕ 2002 ਕੋਈ ਅਜਿਹਾ 'ਹੁਕਮਨਾਮਾ' ਜਾਰੀ ਨਹੀਂ ਹੋਇਆ ਜਿਸ ਵਿਚ ਬੀਬੀਆਂ ਦੇ ਕੀਰਤਨ ਦੀ ਇਤਿਹਾਸਕ ਗੁਰਦੁਆਰਿਆਂ ਵਿਚ ਮਨਾਹੀ ਹੋਵੇ। ਇਸ ਲਈ ਵਰਤਮਾਨ ਸੰਦਰਭ ਵਿਚ 'ਗੁਰਮਤਿ-ਸੰਗੀਤ' ਨਾਲ ਸੰਬੰਧਤ ਕਈ ਨਵੇਂ ਫੈਸਲੇ ਲੈਣ ਦੀ ਜ਼ਰੂਰਤ ਸਮੇਂ ਦੀ ਲੋੜ ਹੈ।

ਹਰਿਮੰਦਰ ਸਾਹਿਬ ਦੀ ਸੰਗੀਤ ਪਰੰਪਰਾ ਵਿਚ ਆਦਿ ਗ੍ਰੰਥ, ਦਸਮ ਗ੍ਰੰਥ, ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਹੈ। ਕੀਰਤਨ-ਗਾਇਨ ਦੇ ਵਿਚ ਅਰਦਾਸੇ ਕਥਾ-ਵਿਆਖਿਆ, ਕੋਈ ਸੂਚਨਾ ਨਹੀਂ ਹੁੰਦੀ। ਨਿਰੋਲ ਕੀਰਤਨ ਦਾ ਪ੍ਰਵਾਹ ਜਾਰੀ ਰਹਿੰਦਾ ਹੈ। ਕਿਉਂਕਿ ਉਥੇ, ਸ਼ਖ਼ਸੀਅਤ ਪ੍ਰਸਤੀ ਨਹੀਂ ਕੀਤੀ ਜਾਂਦੀ ਕੇਵਲ ਇਕ ਅਕਾਲ ਪੁਰਖ ਦੀ ਵਡਿਆਈ ਅਤੇ 'ਮਨਮੁਖੀ' ਲੋਕਾਂ ਨੂੰ 'ਗੁਰਮੁਖ' ਬਨਾਉਣ ਦੀ ਪ੍ਰੇਰਣਾ ਦੇ ਸ਼ਬਦ/ਪਦ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਅੰਧ-ਵਿਸ਼ਵਾਸ ਦਾ 'ਖੰਡਨ' ਆਦਰਸ਼ਕ-ਸਮਾਜ ਦੀ ਉਸਾਰੀ, ਮਾਨਵ-ਕਲਿਆਣ ਅਤੇ ਵਿਸ਼ਵ-ਦ੍ਰਿਸ਼ਟੀਕੋਣ ਹੁੰਦਾ ਹੈ।

---

### ਸਹਾਇਕ ਸਮੱਗਰੀ


1. The Encyclopacdic of Sikhism, Editor-in-Chief Dr. Harbans Singh, P.U. Patiala 1992 Vol-I, P. 8
2. ਗੁਰਬਾਣੀ ਸੰਗੀਤ ਪ੍ਰਾਚੀਨ ਗੀਤ-ਰਤਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1979, ਪੰਨਾ (ਭੂਮਿਕਾ) ਭਾਗ-1, 9
3. ਅੰਮ੍ਰਿਤ ਕੀਰਤਨ (ਮਾਸਿਕ) ਸੰਪਾਦਕ ਡਾ. ਜਾਗੀਰ ਸਿੰਘ, ਅਪ੍ਰੈਲ 1994 (ਪੰਨਾ ਟਾਈਟਲ ਬੈਕ)
4. ਗੁਰਮਤਿ ਸੰਗੀਤ ਪਰ ਹੁਣ ਮਿਲੀ ਖੋਜ, ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ-1958 (ਭੂਮਿਕਾ -ਪੰਨਾ 2)
5. ਗੁਰਮਤਿ ਸੰਗੀਤ ਪਰ ਹੁਣ ਮਿਲੀ ਖੋਜ, ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ-1958 (ਭੂਮਿਕਾ -ਪੰਨਾ 2)
6. ਲੇਖਕ ਨਾਲ ਦਿੱਲੋ ਵਿਖੇ, ਸ੍ਰੀ ਦਲੀਪ ਚੰਦਰ ਵੇਦੀ ਸਾਹਿਬ ਨਾਲ ਭੇਟ-ਵਾਰਤਾ, ਮਿਤੀ 2.6.1972.

# ਕਿਨ ਜਪਿਓ ਗੁਰਮੰਤ ?
# (ਨੌਵੇਂ ਮਹਲੇ ਦੇ ਸ਼ਲੋਕਾਂ ਦਾ ਚਿੰਤਨ)

**ਕਰਤਾਰ ਸਿੰਘ ਨੀਲਧਾਰੀ**
162-ਏ, ਗਰੇਨ ਮਾਰਕੀਟ
ਮਧਿਆ ਮਾਰਗ, ਚੰਡੀਗੜ੍ਹ

ਨੌਵੇਂ ਗੁਰੂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮੁਖਸੁਰ, ਮਨੁਖਤਾ ਨੂੰ ਜੀਵਨ ਦੀ ਸਾਤਵਿਕ ਵਰਤੋਂ ਦੀ ਪ੍ਰੇਰਨਾ ਦੇ ਕੇ ਨਾਮ ਸਿਮਰਨ ਦ੍ਰਿੜ ਕਰਵਾਣ ਲਈ, ਵੈਰਾਗਮਈ ਤਾਲ ਨਾਲ ਪਰੁਚਿਆ ਹੋਇਆ ਹੈ। ਗੁਰੂ ਦੇਵ ਦਾ ਨਿਜੀ ਜੀਵਨ ਇਕ ਵਿਲੱਖਣ ਤੇ ਨਿਰਲੇਪ ਫਕੀਰੀ ਨੂੰ ਮੂਰਤੀਮਾਨ ਕਰਦਾ ਹੈ। ਛੇਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਇਸ ਛੋਟੇ ਸਪੁਤ੍ਰ ਨੇ ਆਪਣੇ ਵਿਵਾਹ ਤੋਂ ਕੁਝ ਦਿਨ ਬਾਦ ਹੀ ਕੇਵਲ ਚੌਦਾਂ ਸਾਲ ਦੀ ਉਮਰ ਵਿਚ ਤਲਵਾਰ ਦੇ ਜੌਹਰ ਦਿਖਾ ਕੇ ਤਿਆਗਮਲ ਤੋਂ! ਗੁਰੂ ਤੇਗ ਬਹਾਦੁਰ ਦਾ ਨਾਮ ਪ੍ਰਾਪਤ ਕੀਤਾ ਸੀ ਤੇ ਮਗਰੋਂ ਦਸ ਸਾਲ (ਸੰਨ 1634 ਤੋਂ 1644) ਤੱਕ ਇਕ ਰਸ ਭਗਤੀ ਵਿਚ ਲੀਨ ਅਤੇ ਤੇਗ ਅਭਿਆਸ ਵਿਚ ਕੀਰਤਪੁਰ ਵਿਚ ਗੁਜਾਰੇ ਸਨ। ਸਤਵੇਂ ਗੁਰੂ ਨਾਨਕ ਦਾ ਰੁਤਬਾ ਆਪਣੇ ਵੱਡੇ ਭਗਤਾਂ (ਸੁਰਗਵਾਸੀ) ਬਾਬਾ ਗੁਰਦਿਤਾ ਦੇ ਛੋਟੇ ਪੁੱਤਰ ਗੁਰੂ ਹਰਿ ਰਾਇ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੇ ਅੱਠਵੀਂ ਗੁਰੂ ਨਾਨਕ ਜੋਤਿ ਆਪਣੇ ਛੋਟੇ ਪੁੱਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵਿਚ ਟਿਕਾਈ। ਇਸ ਤਰ੍ਹਾਂ ਸਤਵੇਂ ਅੱਠਵੇਂ ਗੁਰੂ ਨਾਨਕ ਨੇ ਵੀਹ ਸਾਲ ਰਾਜ ਕੀਤਾ।

**ਗੁਰੂ ਲਾਧੋ ਰੇ?**

ਸੰਨ 1644 ਤੋਂ ਸੰਨ 1664 ਤੱਕ ਆਪਣੇ ਗੁਰੂ ਪਿਤਾ ਦੇ ਹੁਕਮ ਨਾਲ ਸ੍ਰੀ ਗੁਰੂ ਤੇਗ ਬਹਾਦੁਰ ਜੀ ਬਕਾਲੇ ਵਿਚ ਇੱਕ ਰਸ ਬੰਦਗੀ ਵਿਚ ਲੀਨ ਰਹੇ। ਅੱਠਵੇਂ ਜਾਮੇ ਦੇ "ਬਾਬਾ ਬਕਾਲੇ" ਦੇ ਸੰਕੇਤ ਨੂੰ ਮੱਖਣ ਸ਼ਾਹ ਲਭਾਣਾ ਰਾਹੀਂ "ਗੁਰੂ ਲਾਧੋ ਰੇ" - "ਗੁਰੂ ਲਾਧੋ ਰੇ" ਦੀ ਘੋਸ਼ਣਾ ਨਾਲ ਨੌਵੇਂ ਜਾਮੇ ਦੇ ਰੂਪ ਵਿਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਗੱਦੀ ਤੇ ਬਿਰਾਜਮਾਨ ਹੋਏ। ਆਪਦੀ ਇਹ ਪਰਗਟਤਾਈ ਮੱਖਣ ਸ਼ਾਹ ਲਭਾਣੇ ਦੀ ਮੁਸੀਬਤ ਵਿਚ ਗੁਰੂ ਰਖਿਆ ਦੇ ਪ੍ਰਸੰਗ ਨਾਲ ਹੋਈ ਸੀ ਅਤੇ ਆਪਜੀ ਦੀ ਬਾਣੀ ਵਿਚ ਭਗਵਾਨ ਦਵਾਰਾ ਭਗਤ ਦੀ ਰਖਿਆ ਦੇ ਸੰਦਰਭ ਆਪਦੇ ਨਿਜੀ ਆਦਰਸ਼ ਉਤੇ ਵੀ ਪੂਰੇ ਉਤਰਦੇ ਹਨ। ਸ੍ਰੀ ਗੁਰੂ ਤੇਗ ਬਹਾਦੁਰ ਜੀ ਕੇਵਲ ਗਿਆਰਾਂ ਸਾਲ ਗੁਰੂ ਗੱਦੀ 'ਤੇ ਬਿਰਾਜਮਾਨ ਰਹੇ ਅਤੇ ਫੇਰ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਵਿਚ ਜਾ ਕੇ ਔਰੰਗਜੇਬ ਦੀ ਜਾਲਿਮ ਹਕੂਮਤ ਨੂੰ ਸੰਤ ਵੰਗਾਰ ਪਾਈ ਅਤੇ ਸੀਸ ਦੇ ਦਿੱਤਾ। ਤਤਕਾਲੀਨ ਬਿਖੜੇ ਹਾਲਾਤਾਂ ਵਿਚ ਆਪਦੇ ਧੜ ਦਾ ਸਸਕਾਰ ਵਰਤਮਾਨ ਰਕਾਬਗੰਜ ਗੁਰਦਵਾਰੇ ਦੇ ਸਥਾਨ 'ਤੇ ਗੁਪਤਰੀਤੀ ਨਾਲ ਹੋਇਆ ਅਤੇ ਸੀਸ ਦਾ ਸਸਕਾਰ ਵਰਤਮਾਨ ਸੀਸਗੰਜ ਗੁਰਦਵਾਰਾ ਆਨੰਦਪੁਰ ਸਾਹਿਬ ਵਾਲੇ ਸਥਾਨ 'ਤੇ ਨੌ ਸਾਲ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਰਾਏ ਜੀ ਨੇ ਕੀਤਾ,,

**ਸਿਮਰਨ ਸ਼ਕਤੀ**

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਰਾਏ ਜੀ ਨੇ ਆਨੰਦਪੁਰ ਸਾਹਿਬ ਦੇ ਦਮਦਮਾ ਸਥਾਨ 'ਤੇ ਆਦਿ ਗ੍ਰੰਥ ਵਿਚ ਰਾਗ ਸਥਾਨ ਅਨੁਸਾਰ ਦਰਜ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਵਰਤਮਾਨ ਸਵਰੂਪ ਸਿਰਜਿਆ। ਪ੍ਰਿੰਸੀਪਲ ਹਰਿਭਜਨ ਸਿੰਘ ਦੀ ਪੁਸਤਕ ਸ੍ਰੀ ਗੁਰੂ ਗ੍ਰੰਥ ਸੰਪਾਦਨ ਨਿਰਣੈ ਵਿਚ ਸੰਪੂਰਨ ਗੁਰਬਾਣੀ ਵਾਲੀ ਅਨੇਕਾਂ ਬੀੜਾਂ ਦੇ ਹਵਾਲੇ ਦੇ ਕੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ। ਹਰ ਇਕ ਗੁਰੂ ਜਾਮੇ ਦੀ ਜੀਵਨ ਸ਼ੈਲੀ ਦਾ ਪ੍ਰਭਾਵ ਉਸ ਬ੍ਰਹਮ ਬਾਣੀ ਵਿਚ ਜ਼ਰੂਰ ਉਜਾਗਰ ਹੋਇਆ। ਇਸ ਲਈ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਰਸ ਦਾ ਆਦਰਸ਼ ਵੈਰਾਗਮਈ ਬਾਣੀ ਰਾਹੀਂ ਸੰਸਾਰ ਦੀ ਨਿਸੱਾਰਤਾ ਅਤੇ ਸਿਮਰਨ ਦੀ ਲੋੜ ਦੁਹਰਾਉਂਦਾ ਹੈ। ਇਸ ਵਿਨਾਸ਼ਸ਼ੀਲ ਜੀਵਨ ਯਾਤਰਾ ਵਿਚ ਪ੍ਰਭੂ ਦਾ ਨਾਮ, ਸਿਮਰਨ ਕਰਨ ਵਾਲੇ ਸਾਧੂ, ਗੋਬਿੰਦ ਦਾ ਨਾਮ ਜਪਾਉਣ ਵਾਲੇ ਗੁਰੂ ਹੀ ਰਹਿ ਜਾਂਦੇ ਹਨ। ਨੌਵੇਂ ਗੁਰੂ ਨਾਨਕ ਇਸ ਜਗਤ ਵਿਚ ਗੁਰਮੰਤ੍ਰ-ਸਾਧਕਾਂ ਦੀ ਵਿਸ਼ੇਸ਼ਤਾ ਦੱਸਦੇ ਹਨ-

*ਨਾਮੁ ਰਹਿਓ ਸਾਧੂ ਰਹਿਓ*
*ਰਹਿਓ ਗੁਰ ਗੋਬਿੰਦ॥*
*ਕਹੁ ਨਾਨਕ ਇਹ ਜਗਤ ਮੈ*
*ਕਿਨ ਜਪਿਓ ਗੁਰਮੰਤੁ ॥੫੬॥*

ਸ਼ਲੋਕਾਂ ਦੀ ਕੁਲ ਗਿਣਤੀ ਸਤਵੰਜਾ ਹੈ ਜਿਸ ਵਿੱਚ ਚੌਰੰਜਵਾਂ ਸ਼ਲੋਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਨਾ ਹੈ ਅਤੇ ਨੌਵੇਂ ਜਾਮੇ ਦੀ ਤਿਰਵੰਜਵੇਂ ਸ਼ਲੋਕ ਦੀ ਕਰੁਣਾਮਈ ਭਗਤੀ ਪੁਕਾਰ ਨੂੰ ਗੁਰੂ ਘਰ ਦੀ ਅਗੰਮੀ ਅੰਕਾਲ ਪੁਰਖੀ ਸ਼ਕਤੀ ਚੇਤਨਾ ਨਾਲ ਸੋਧਿਆ ਗਿਆ ਹੈ।

ਦੋਹਰਾ- *ਬਲੁ ਛੁਟਕਿਓ ਬੰਧਨ ਪਰੇ*
*ਕਛੂ ਨਾ ਹੋਤ ਉਪਾਇ॥*
*ਕਹੁ ਨਾਨਕ ਅਬ ਓਟ ਹਰਿ*
*ਗਜਿ ਜਿਉ ਹੋਹੁ ਸਹਾਇ॥੫੩॥*

ਇਸ ਨਿਮਰਤਾ ਭਰੇ ਦੋਹਰੇ ਵਿਚਲੀ ਚੇਤਨਾ ਨੂੰ ਸੁਧਾਰ ਕੇ ਦਸਵੇਂ ਜਾਮੇ ਨੇ ਇੰਝ ਦਰਜ ਕੀਤਾ-

*ਬਲੁ ਹੋਆ ਬੰਧਨ ਛੁਟੇ*
*ਸਭ ਕਿਛੁ ਹੋਤ ਉਪਾਇ॥*
*ਨਾਨਕ ਸਭ ਕਿਛੁ ਤੁਮਰੈ ਹਾਥ*
*ਮੈ ਤੁਮ ਹੀ ਹੋਤ ਸਹਾਇ॥੫੪॥*

ਇਹ ਉਹ ਕ੍ਰਾਂਤੀਕਾਰੀ ਪਰੀਵਰਤਨ ਸੀ ਜੋ ਮੀਰੀ ਪੀਰੀ ਦੇ ਰੂਪ ਵਿਚ ਛੇਵੇਂ ਜਾਮੇ ਨੇ ਪੰਜਵੇਂ ਜਾਮੇ ਦੀ ਸ਼ਹੀਦੀ ਤੋਂ ਬਾਦ ਪ੍ਰਦਰਸ਼ਿਤ ਕੀਤਾ ਸੀ। ਇਸ ਵਿਚਾਰ ਕ੍ਰਾਂਤੀ ਦੀ ਸੰਪੂਰਨਤਾ ਮਗਰੋਂ ਖਾਲਸਾ ਸਿਰਜਨਾ ਦੇ ਰੂਪ ਵਿਚ ਪ੍ਰਗਟ ਹੋਈ ਸੀ ਅਤੇ ਸਿੱਖ ਧਰਮ ਨੂੰ ਅਕਾਲ ਪੁਰਖੀ ਸ਼ਕਤੀ ਦਾ ਪ੍ਰਤੀਕ ਮਿਥਿਆ ਗਿਆ,,

ਸਿਮਰਨ ਪ੍ਰਤੀਕ

ਸਲੋਕਾਂ ਦਾ ਪ੍ਰਾਰੰਭ ਵਿਚ ਸਿਮਰਨ ਦੀ ਚੇਤਨਾ ਲਈ ਜਲ ਤੇ ਮਛਲੀ ਦੇ ਰਿਸ਼ਤੇ ਦਾ ਪ੍ਰਤੀਕ ਵਰਤਿਆ ਗਿਆ ਹੈ-

*ਗੁਨ ਗੋਬਿੰਦ ਗਾਇਓ ਨਹੀਂ*
*ਜਨਮੁ ਅਕਾਰਥ ਕੀਨ॥*
*ਕਹੁ ਨਾਨਕ ਹਰਿ ਭਜੁ ਮਨਾ*
*ਜਿਹਿ ਬਿਧਿ ਜਲ ਕੌ ਮੀਨ॥੧॥*

ਮਛਲੀ ਤੇ ਜਲ ਦੇ ਜੀਵਨ ਰਿਸ਼ਤੇ ਤੋਂ ਅਲਾਵਾ ਮਾਲਕ ਪ੍ਰਤੀ ਕੁੱਤੇ ਦੀ ਵਫਾਦਾਰੀ ਦਾ ਪ੍ਰਤੀਕ ਮਨੁਖੀ ਚੇਤਨਾ ਨੂੰ ਝੰਜੋੜ ਦਿੰਦਾ ਹੈ ਤੇ ਦਤਾਤ੍ਰੇਯ ਦੀ ਚੇਤਨਾ ਯਾਦ ਕਰਾਂਦਾ ਹੈ-

*ਸੁਆਮੀ ਕੋ ਗ੍ਰਿਹੁ ਜਿਉ ਸਦਾ*
*ਸੁ ਆਨ ਤਜਤ ਨਹੀ ਨਿਤ॥*
*ਨਾਨਕ ਇਹ ਬਿਧਿ ਹਰਿ ਭਜਉ*
*ਇਕ ਮਨਿ ਹੁਇ ਇਕਿ ਚਿਤ॥੪੫॥*

ਗੁਰੂ ਜੀ ਨੇ ਸਿੱਖਾਂ ਨੂੰ ਜਗ ਰਚਨਾ ਸਭ ਝੂਠੁ ਹੈ, " ਕਹਿ ਕੇ ਇਸ ਨੂੰ *"ਬਾਲੂ ਕੀ ਭੀਤ"* (੪੯), *"ਜਲ ਤੇ ਬੁਦਬੁਦਾ"* (੨੫) ਅਤੇ *"ਜਗੁ ਸੁਪਨੇ ਜਿਉ ਜਾਨ"* (੪੧) ਦਾ ਉਪਦੇਸ਼ ਦੇ ਕੇ ਸਿਮਰਨ ਲਈ ਪ੍ਰੇਰਿਆ ਹੈ। ਪਰ ਮਨੁੱਖੀ *"ਮਨੁ ਮਾਇਆ ਮੈਂ ਰਮਿ ਰਹਿਓ"* (੩੭) ਅਤੇ ਹੋਸ਼ ਉਦੋਂ ਕਰਦਾ ਹੈ ਜਦੋਂ *"ਨਾਨਕ ਫਾਸੀ ਮਲਿ ਪਰੀ"* (੩੮) ਜਾਂ *"ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ"* (੨੬) ਜਾਂ *"ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ"* (੩੧) ਕਿਉਂਕਿ "ਜੋ ਉਪਜਿਓ ਸੋ ਬਿਨਸਿ ਹੈ" (੫੨) ਦਾ ਸਿਧਾਂਤ ਅਟੱਲ ਹੋ ਜਾਂਦਾ ਹੈ-

ਸਿਮਰਨ ਸਾਰਥਕਤਾ

ਮਨੁੱਖੀ ਜੀਵਨ ਦੇ ਮੁੱਖ ਤਿੰਨ ਭਾਗ ਹਨ- *"ਬਾਲ ਜੁਆਨੀ ਅਰੁ ਬਿਰਧ ਫੁਨਿ ਤੀਨਿ ਅਵਸਥਾ ਜਾਨਿ"* (੩੫) ਪਰ ਬਾਲਪੁਨੇ ਤੋਂ ਬਾਦ, *"ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤ"* (੩) ਅਤੇ ਜਦੋਂ *"ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ"* (੪) ਬਾਕੀ ਲਾਚਾਰੀ ਅਤੇ ਪਛਤਾਵਾ ਰਹਿ ਜਾਂਦਾ ਹੈ। ਇਸ ਪਛਤਾਵੇ ਤੋਂ ਬਚ ਜਾਣ ਵਾਲੇ ਭਾਵ ਸਿਮਰਨ ਕਰਨ ਵਾਲੇ ਵਿਰਲੇ ਹੀ ਹੁੰਦੇ ਹਨ- *"ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਜੀਤ"* ਭਾਵੇਂ ਯਥਾਰਥ ਵਿਚ; *"ਸੁਨਰੇ ਮਨਾ ਦੁਰਲਭ ਮਾਨੁਖ ਦੇਹਿ"* (੨੭) ਹੈ ਪਰ ਗਫਲਤ ਵਿਚ ਅਤੇ *"ਬਿਨੁ ਹਰਿ ਭਜਨਿ ਬਿਰਥਾ ਜਨਮੁ ਸਿਰਾਨ"*

(੨੭) ਸਿੱਧ ਹੁੰਦਾ ਹੈ ਤੇ ਪ੍ਰਮਾਣਿਤ ਵੀ ਕਿ *"ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ?"* (੩੦)

ਸੰਸਾਰੀ ਜੀਵਨ ਵਿਚ ਇਹ ਮਨੁੱਖ ਅਵੇਸਲਾ ਹੋਕੇ ਜਿਵੇਂ ਵਿਚਰਦਾ ਹੈ ਉਸ ਪ੍ਰਤਿ ਗੁਰੂ ਜੀ ਪੁਛਦੇ ਹਨ- *"ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸ"* (੨) ਹੇ ਨਰ *"ਤਨ ਧਨੁ ਜਿਹ ਤੋ ਕਉ ਦੀਓ ਤਾ ਸਿਉ ਨੇਹੁ ਨ ਕੀਨ"*? (੭)। ਪਰ ਸਫਲ ਮਨੁੱਖ ਇਹ ਚੇਤਾਵਨੀ ਵੀ ਨਹੀਂ ਸੁਣਦਾ ਕਿ *"ਰੇ ਮਨਾ ਅਉਧ ਘਟਤ ਹੈ ਨੀਤੀ"* (੧੦) ਅਤੇ ਇਹ ਯਥਾਰਥ ਵੀ ਭੁੱਲ ਜਾਂਦਾ ਹੈ-

*ਪਾਂਚ ਤਤ ਕੋ ਤਨੁ ਰਚਿਓ*
*ਜਾਨਹੁ ਚਤੁਰ ਸੁਜਾਨ॥*
*ਜਿਹ ਤੇ ਉਪਜਿਓ ਨਾਨਕਾ*
*ਲੀਨ ਤਾਹਿ ਮੈ ਮਾਨ॥੧੧॥*

ਮਨੁੱਖ ਦੀ ਹੋਣੀ ਇਹ ਹੈ ਕਿ- *"ਮਾਇਆ ਕਾਰਨ ਧਾਵਹੀ ਮੂਰਖ ਲੋਗ ਅਜਾਨ"* (੨੯) ਅਤੇ ਇਹ ਵੀ ਨਹੀ ਵਿਚਾਰਦਾ ਕਿ, *"ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ"* (੩੨) ਅਤੇ ਬਿਨਸਨ ਹਾਰ ਦੇਹ ਦੇ ਗੁਮਾਨ

ਵਿਚ ਸਿਰਜਨ ਹਾਰ ਨੂੰ ਭੁੱਲਿਆ ਹੋਇਆ ਹੈ-

*ਗਰਬੁ ਕਰਤੁ ਹੈ ਦੇਹ ਕੋ*
*ਬਿਨਸੈ ਛਿਨ ਮੈ ਮੀਤਿ॥* (੪੨)

ਕਰਮ ਕਾਂਡ ਵਿਚ ਲਿਪਤ ਮਨੁੱਖ ਨੂੰ ਸਤਿਗੁਰੂ ਜੀ ਸੁਚੇਤ ਕਰਦੇ ਹਨ ਕਿ, *"ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ"* (੪੬) ਸਭ ਅਰਥ ਹੀਨ ਹੋ ਜਾਂਦਾ ਹੈ ਅਤੇ ਹਰਿ ਰਸ ਲੀਨਤਾ ਤੋਂ ਸਖਣੇ ਮਨੁੱਖ ਦਾ ਬੁਢਾਪਾ ਇੰਝ ਪਰਗਟ ਹੁੰਦਾ ਹੈ- *"ਸਿਰੁ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ"* (੪੭) ਫੇਰ ਇਹ ਕੁਛ ਉਦੋਂ ਸਮਝ ਆਉਂਦਾ ਹੈ ਜਦੋਂ *"ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥ"* (੫੫) ਮਨੁੱਖ ਦੀ ਪੂੰਜੀ ਅਤੇ ਪਰਲੋਕ ਦਾ ਸਫਰੀ ਭੱਤਾ ਰਾਮ ਨਾਮ ਹੀ ਹੈ ਜੋ ਪ੍ਰਾਮਤਮਾ ਦੇ ਦਰਸ਼ਨ ਕਰਵਾਉਨ ਵਿਚ ਵੀ ਸਮਰਥ ਹੈ-

*ਰਾਮ ਨਾਮੁ ਉਰਿ ਮੈ ਗਹਿਓ*
*ਜਾ ਕੈ ਸਮ ਨਹੀ ਕੋਇ॥*
*ਜਿਹ ਸਿਮਰਤ ਸੰਕਟ ਮਿਟੈ*
*ਦਰਸੁ ਤੁਹਾਰੋ ਹੋਇ॥੫੭॥*

ਇਸ ਤਰ੍ਹਾਂ ਮਨੁੱਖੀ ਜੀਵਨ ਦੀ ਸਾਰਥਕਤਾ ਕੇਵਲ ਤੇ ਕੇਵਲ ਨਾਮ ਸਿਮਰਨ ਸਾਧਨਾ ਨਾਲ ਮਿਥੀ ਗਈ ਹੈ ਬਾਕੀ ਕਰਮ ਕਾਂਡ ਅਹੰਕਾਰ ਪੈਦਾ ਕਰਕੇ ਨਿਸਫਲ ਹੋ ਜਾਂਦੇ ਹਨ।

**ਪਰਿਭਾਸ਼ਕ ਚਿੰਤਨ**

ਇਨ੍ਹਾਂ ਸਲੋਕਾਂ ਵਿਚ ਗੁਰੂ ਜੀ ਨੇ ਸਾਰ ਸੰਖੇਪ ਵਿਚ ਕੁਝ ਪਰੀਭਾਸ਼ਾਵਾਂ ਵੀ ਦਿੱਤੀਆਂ ਹਨ ਜਿਨ੍ਹਾਂ ਦੇ ਚਿੰਤਨ ਨਾਲ ਅਸੀਂ ਆਪਣੇ ਆਸ ਪਾਸ ਸਿਮਰਨ ਨਾਲ ਜੁੜੀਆਂ ਆਤਮਾਵਾਂ ਦੀ ਪਛਾਣ ਕਰਨ ਦਾ ਉਪਰਾਲਾ ਕਰ ਸਕਦੇ ਹਾਂ-

**ਮੁਕਤਿ ਕੌਣ?**

*"ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ"* (੧੪) ਅਤੇ *"ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ"* (੧੫) ਜਾਣੇ ਅਤੇ *"ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨ"* (੧੯) ਨਿਸ਼ਚੇ ਹੀ ਉਹ ਮੁਕਤ ਹੈ *"ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ"* (੪੩)

ਪਰਮਾਤਮਾ ਨਾਲ ਇਕ ਰਸ- *"ਸੁਖੁ ਦੁਖੁ ਜਿਹ ਪਰਸੈ ਨਹੀ ਲੋਭ ਮੋਹ ਅਭਿਮਾਨ"* ਨੂੰ *"ਮੂਰਤਿ ਭਗਵਾਨ"* (੧੩) ਕਿਹਾ ਗਿਆ ਹੈ। *"ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ"*, ਹੋ ਕੇ ਹੀ "ਤਿਹਿ ਘਟਿ ਬ੍ਰਹਮ ਨਿਵਾਸੁ"॥੧੨॥ ਸਵੀਕਾਰਿਆ ਗਿਆ ਹੈ। ਜੋ ਪ੍ਰਾਣੀ ਮਮਤਾ ਭਜੈ ਲੋਭ ਮੋਹ ਅਹੰਕਾਰ, ਅਜਿਹਾ ਪਰੋਪਕਾਰੀ *"ਆਪਨ ਤਰੈ ਅਉਰਨ ਲੇਤ ਉਧਾਰ"* (੨੨) ਅਤੇ *"ਜੋ ਪ੍ਰਾਣੀ ਨਿਸਿ ਦਿਨਿ ਭਜੈ ਰੂਪ ਰਾਮ ਤਿਹ ਜਾਨੁ" "ਹਰਿ ਜਨਿ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ"* (੨੯) ਦੀ ਕਸੌਟੀ ਲਗਾਈ ਗਈ ਹੈ।

**ਗਿਆਨੀ ਕੌਣ?**

*"ਭੈ ਕਾਹੂ ਕਉ ਦੇਤ ਕਨਿ ਨਹਿ ਭੈ ਮਾਨਤ ਆਨਿ"*, ਦੇ ਵਿਵਹਾਰ ਵਾਲੇ ਨੂੰ ਹੀ *"ਰੇ ਮਨਾ ਗਿਆਨੀ ਤਾਹਿ ਬਖਾਨਿ"* (੧੬) ਸਵੀਕਾਰ ਕੀਤਾ ਗਿਆ ਹੈ। ਜਿਹੜਾ ਮਨੁੱਖ ਇਸ ਸੱਚ ਨੂੰ ਜਾਣ ਲੈਂਦਾ ਹੈ ਕਿ *"ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ" "ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ"* ..... ਉਹ ਹੀ ਗਿਆਨਵਾਨ ਕਿਹਾ ਜਾ ਸਕਦਾ ਹੈ ਜੋ ਇਸ ਚੇਤਨਾ ਦਾ ਕਾਇਲ ਹੈ ਕਿ *"ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ"* (੪੦) ਸਿਮਰਨ ਯੋਗ ਹੈ। ਗਿਆਨੀ ਇਸ ਯਥਾਰਥ ਨੂੰ ਜਾਣਦਾ ਹੈ ਕਿ *"ਸੁਪਨੇ ਜਿਉ ਸੰਸਾਰ ਵਿਚ ਰਾਮ ਗਇਓ ਰਾਵਨ ਗਇਓ ਜਾ ਕਉ ਬਹੁ ਪਰਵਾਰ"* (੫੦) ਅਤੇ ਚੇਤਨਾ ਕਹਿੰਦੀ ਹੈ- *"ਟੇਕ ਏਕ ਰਘੁਨਾਥ"* (੫੫)

ਸਤਿਗੁਰੂ ਜੀ ਇਨ੍ਹਾਂ ਸ਼ਲੋਕਾਂ ਵਿਚ ਸਾਰ ਹੀਨ ਤੇ ਅਰਥ ਪੂਰਤ ਜੀਵਨ ਜਾਚ ਦੀ ਵਿਆਖਿਆ ਕਰਦੇ ਹੋਏ ਹਰ ਹੀਲੇ ਨਾਮ ਸਿਮਰਨ ਦਾ ਆਦੇਸ਼ ਦਿੰਦੇ ਹਨ। ਨਾਮ ਰੂਪੀ ਗੁਰੂ ਮੰਤ੍ਰ ਗੁਰੂ ਤੋਂ ਮਿਲਦਾ ਹੈ ਅਤੇ ਇਸ ਮਾਯਾਵਾਦੀ ਸੰਸਾਰ ਵਿਚੋਂ ਮਨ ਨੂੰ ਨਿਰਲੇਪ ਕਰਕੇ ਸਿਮਰਨ ਕਰਨ ਵਾਲੇ ਵਿਅਕਤੀ ਹੀ ਆਤਮ ਰਸਲੀਨਤਾ ਵਿਚੋਂ ਬ੍ਰਹਮ ਰਸ ਲੀਨਤਾ ਵਿਚ ਪ੍ਰਵੇਸ਼ ਕਰਦੇ ਹਨ ਕਿਉਂਕਿ ਜੀਵ ਆਤਮਾ ਪ੍ਰਾਮਤਮਾ ਦਾ ਹੀ ਅੰਸ਼ ਹੈ। ਸਿਮਰਨ ਦੇ ਸਿਖਰ 'ਤੇ ਪੁੱਜ ਕੇ ਜੀਵ ਭਾਵ ਮਰ ਜਾਂਦਾ ਹੈ ਤਾਂ ਇਹ ਮੁਕਤੀ ਹੀ ਬ੍ਰਹਮ ਭਾਵ ਵਾਲਾ ਨਵਾਂ ਜੀਵਨ ਪ੍ਰਦਾਨ ਕਰਦੀ ਹੈ।

# ੧ੳ ਸਤਿਨਾਮ ਦਾ ਆਪਸੀ ਸੰਬੰਧ

ਸੋਹਣ ਸਿੰਘ
3027, ਸੈਕਟਰ 27-ਡੀ
ਚੰਡੀਗੜ੍ਹ

2003-04 ਦਾ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਰਾਹੀਂ ੧ੳ (ਇਕ ਓਅੰਕਾਰ) ਦੀ ਵਿਸ਼ਾਲਤਾ ਨੂੰ ਗ੍ਰਹਿਣ ਕਰਨ ਦਾ ਆਸ਼ਾ ਭਰਪੂਰ ਸਮਾਂ ਹੈ। ਗੁਰੂ ਨਾਨਕ ਸਾਹਿਬ ਨੂੰ ਇਸ "੧ੳ" ਅੱਖਰ ਨੂੰ ਘੜਨ ਲਈ ਕਿੰਨੀਆਂ ਕੁ ਪ੍ਰਸਥਿਤੀਆਂ ਦਾ ਅਨੁਭਵ ਕਰਨਾ ਪਿਆ ਇਸ ਦਾ ਅੰਦਾਜ਼ਾ ਲਗਾਉਣਾ ਤਾਂ ਔਖਾ ਹੀ ਹੋਵੇਗਾ ਪਰੰਤੂ ਭਾਰਤ ਵਿਚ ਹਿੰਦੂ ਜਨਤਾ ਜਿਸ ਵਾਤਾਵਰਣ ਵਿਚੋਂ ਗੁਜ਼ਰ ਰਹੀ ਸੀ ਉਹ ਵੀ ਕਾਫੀ ਗੁੰਝਲਦਾਰ ਸੀ! ਵੇਦ, ਸ਼ਾਸਤਰ ਜਿਸ ਪ੍ਰਮਸ਼ਕਤੀ ਨੂੰ ਪੂਜਨ ਲਈ ਪ੍ਰੇਰਦੇ ਹਨ।

*ਵੇਦਾਂ ਮਹਿ ਨਾਮ ਉਤਮੁ ਸੋ ਸੁਣਹਿ ਨਾਹੀ*
*ਫਿਰਹਿ ਜਿਉ ਬੇਤਾਲਿਆ॥* (ਅਨੰਦ ਸਾਹਿਬ)

ਬ੍ਰਾਹਮਣਵਾਦ ਨੇ ਆਪਣੀ ਵਾਹਦ ਸੰਸਾਰਕ ਪੂਰਤੀ ਲਈ ਜਨਤਾ ਨੂੰ ਗੁਮਰਾਹ ਕਰਕੇ ਅਨੇਕ ਦੇਵੀ ਦੇਵਤਾ, ਜਾਨਵਰਾਂ, ਪੰਛੀਆਂ, ਰੁਖਾਂ ਤੇ ਪੱਥਰਾਂ ਦੀ ਪੂਜਾ ਵਿਚ ਰੁਝਾਹ ਦਿੱਤਾ ਸੀ। ਸੂਰਜ, ਚੰਦ ਤੇ ਹੋਰ ਗ੍ਰਹਿ ਜੋ ਪ੍ਰਮਾਤਮਾ ਦੀ ਇਕ ਸਥਿਤ ਪ੍ਰਸ਼ਾਸਨਿਕ ਗਤੀ ਵਿਚ ਪ੍ਰੋਏ ਹੋਏ ਹਨ ਤੇ ਕਦੀ ਵੀ ਆਪ ਹੁਦਰੇ ਨਹੀਂ ਹੁੰਦੇ, ਨੂੰ ਆਪਣੇ ਸੁਖਾਂ ਲਈ ਪ੍ਰੇਰਤ ਕਰਨ ਦੇ ਹੀਲੇ ਦਰਸਾਉਣ ਵਿਚ ਪਿੱਛੇ ਨਹੀਂ ਰਹੇ। ਹਵਾ, ਅਗਨੀ, ਭੂਚਾਲ, ਬਾਰਸ਼ ਅਤੇ ਪਾਣੀ ਦੇ ਸਮੁੰਦਰਾਂ ਨੂੰ ਜਿਨਾਂ ਪ੍ਰਤਿ ਅਜੇ ਵੀ ਇਨਸਾਨ (ਖੋਜੀ) ਕੁਝ ਨਹੀਂ ਸਮਝ ਸਕਿਆ ਨੂੰ ਆਪਣੀ ਮਰਜੀ ਮੁਤਾਬਿਕ ਵਿਚਰਣ ਲਈ ਕੁਝ ਸ਼ਲੋਕ ਤੇ ਮੰਤਰਾਂ ਦੇ ਪੜ੍ਹਨ ਰਾਹੀਂ ਯਾਂ ਹਵਨਾਂ ਰਾਹੀਂ ਵੱਸ ਕਰਨ ਦਾ ਯਕੀਨ ਦਰਸਾਉਣਾ ਬ੍ਰਾਹਮਣਵਾਦ ਦਾ ਇਕ ਹਿੱਸਾ ਬਣ ਚੁੱਕਿਆ ਸੀ। ਉਹ ਮਸਤਕ ਤੇ ਲਿਖੇ ਲੇਖ ਜੋ ਕਰਮਾਂ ਦੇ ਨਤੀਜੇ ਵੱਜੋਂ ਦਰਸਾਏ ਜਾਂਦੇ ਹਨ ਤੇ ਜਿਨਾਂ ਨੂੰ ਮਿਟਾਉਣਾ ਅਸੰਭਵ ਜਿਹਾ ਹੁੰਦਾ ਹੈ, ਨੂੰ ਕੁਝ ਪਦਾਰਥਾਂ ਦੀ ਵਗਦੇ ਪਾਣੀ 'ਚ ਪਾਉਣ ਨਾਲ, ਗਊਆਂ ਯਾਂ ਸੱਪਾਂ ਨੂੰ ਖਵਾਉਣ ਨਾਲ ਯਾਂ ਪ੍ਰੋਹਤਾਂ ਨੂੰ ਲੰਗਰ ਛਕਾਉਣ ਨਾਲ ਆਪਣੇ ਮਨ ਭਾਉਂਦੇ ਲੇਖ ਲਿਖ ਦੇਣ ਦੀ ਸ਼ਕਤੀ ਯਕੀਨਨ ਬਣਾਉਂਦਾ ਸੀ। ਮਿਰਤਕ ਜੀਵ ਦੀ ਰੂਹ ਨੂੰ ਦੋਜ਼ਖ ਤੋਂ ਰੋਕਣ ਤੇ ਜੰਨਤ ਵਿਚ ਪ੍ਰਵੇਸ਼ ਕਰਨ ਦੇ ਯਤਨ ਵੀ ਕੁਝ ਦੁਨਿਆਵੀ ਪਦਾਰਥਾਂ ਦੇ ਦਾਨਾਂ ਰਾਹੀਂ ਕਰ ਦੇਣ ਦੀ ਫਜ਼ੂਲ ਤੇ ਨਿਸਫਲ ਧਾਰਨਾ ਦੀ ਪ੍ਰਚਲਤਾ ਪੂਰੇ ਜੋਰਾਂ 'ਤੇ ਸੀ। ਮਿਰਤਕ ਦੀਆਂ ਰੂਹਾਂ ਨੂੰ ਇਸ ਮਾਤ ਲੋਕ ਵਿਚ ਸ਼ਰਾਧਾਂ ਰਾਹੀਂ ਭੁਖੇ ਨੰਗੇ ਨ ਰਹਿ ਦੀਆਂ ਬੇ-ਬੁਨੀਆਦੀ ਧਾਰਨਾਂ ਵੀ ਜੋਰਾਂ ਤੇ ਚਲਾਈਆਂ ਹੋਈਆਂ ਸਨ, ਵਰਤਾਂ ਰਾਹੀਂ ਭੁੱਖੇ ਨੰਗੇ ਰਹਿਣ ਕੇ ਦੂਸਰੇ ਦੀਆਂ ਸ਼ੁਭ ਕਾਮਨਾਵਾਂ, ਸਵੱਛਤਾ ਤੇ ਚੜ੍ਹਦੀ ਕਲਾ ਦੀਆਂ ਮਨਘੜਤ ਕਾਮਨਾ ਕਰਨੀਆਂ ਇਕ ਸੁਭਾਵਕ ਪ੍ਰਯੋਜਨ ਬਣ ਚੁੱਕੀਆਂ ਸਨ। ਇਹਨਾਂ ਮਿਥਿਆ ਤੇ ਫਜ਼ੂਲ ਕਰਮ ਕਾਂਡਾਂ ਵਿਚ ਉਲਝੀ ਲੁਕਾਈ ਨੂੰ ਗੁਰੂ ਨਾਨਕ ਸਾਹਿਬ ਨੇ ਇਕ ਪ੍ਰਮ ਸ਼ਕਤੀ ਨਾਲ ਜੋੜਨ ਤੇ ਕੁਦਰਤ ਦੇ ਚੱਲ ਰਹੇ ਅਨੁਸ਼ਾਸਨ ਅਨੁਸਾਰ ਆਪਣੀ ਜ਼ਿੰਦਗੀ ਗੁਜਾਰਨ ਲਈ ਅਤੇ ਸਰਬੱਤ ਦੇ ਭਲੇ ਦੇ ਲੋਚਣ ਲਈ ਪੁਰਾਣੇ ਬ੍ਰਹਮ ॐ ਨੂੰ ੧ੳ ਰਾਹੀਂ ਨਿਰੂਪਨ ਕੀਤਾ ਤਾਂ ਜੋ ਜਨਤਾ ਕੇਵਲ ਇਕ ਪ੍ਰਮਸ਼ਕਤੀ ਦੀ ਪੁਜਾਰਣ ਬਣੇ। ਲੁਕਾਈ ਨੂੰ ਸੱਚੇ ਨਾਮ ਦੀ ਪਹਿਚਾਨ ਵੀ ਕਰਵਾਈ ਜਿਸ ਦੇ ਜਪਣ ਨਾਲ ਉਹ ਉਸ ਪ੍ਰਮਸ਼ਕਤੀ ਵਿਚ ਸਮਾ ਜਾਣ ਦਾ ਸੌਖਾ ਹੀਲਾ ਵੀ ਕਰ ਸਕੇ।

੧ੳ - ਇਹ ਅੱਖਰ ਸ਼ਬਦ ॐ ਤੋਂ ਨਿਰੂਪਨ ਹੋਇਆ ਉਹ ਹੈ ਜੋ ਹਮੇਸ਼ਾ ਰਿਹਾ ਹੈ ਅਤੇ ਭਵਿੱਖ 'ਚ ਵੀ ਰਹੇਗਾ। ਬਾਕੀ ਸਭ ਬੋਲੀਆਂ/ਲਿਪੀਆਂ ਦੇ ਅੱਖਰ ਮਿਟ ਜਾਣਗੇ। ਪਰੰਤੂ ਇਹ ਸਦੀਵਕਾਲ ਚਮਕਦਾ ਹੀ ਰਹੇਗਾ।

*ਬਾਵਨ ਅਛਰ ਲੋਕ ਤ੍ਰੈ*
*ਸਭੁ ਕਛੁ ਇਨ ਹੀ ਮਾਹਿ।*
*ਏ ਅੱਖਰ ਖਿਰਿ ਜਾਹਿਗੇ,*
*ਓਇ ਅਖਰ ਇਨ ਮਹਿ ਨਾਹਿ॥*

ਪੰਨਾ 340/ਕਬੀਰ ਜੀ

੧. ਇਕ ਹੈ ਪ੍ਰਮਾਤਮਾ/ਪ੍ਰਮਸ਼ਕਤੀ, ਕੇਵਲ ਇਕ ਹੀ ਹੈ। ਭੂਤ ਕਾਲ, ਵਰਤਮਾਨ ਤੇ ਭਵਿੱਖ ਵਿਚ ਕੇਵਲ ਇਕ, ਕਿਉਂਕਿ ਇਹ ਕਾਲ ਰਹਿਤ ਹੈ। ਇਸ ਏਕੇ ਦਾ ਸਬੰਧ ਗੁਰੂ ਨਾਨਕ ਸਾਹਿਬ ਦੇ ਉਚਾਰੇ ਹੋਏ ਮੂਲ ਮੰਤਰ (੧ੳ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ) ਜੋ ਗੁਰੂ ਗ੍ਰੰਥ ਸਾਹਿਬ

ਦਾ ਧੁਰਾ ਹੈ ਦੇ ਇਕ ਇਕ ਅੱਖਰ ਨਾਲ ਸਬੰਧਿਤ ਹੈ।

*ਇਸ ਏਕੇ ਕਾ ਜਾਣੈ ਭੇਉ।*
*ਆਪੇ ਕਰਤਾ ਆਪੇ ਦੇਉ॥*
*ਸਭ ਮਹਿ ਵਰਤੈ ਏਕੋ ਸੋਇ।*
*ਜਿਸ ਨੂੰ ਕਿਰਪਾ ਕਰੇ ਤਿਸੁ ਪਰਗਟੁ ਹੋਇ॥*

ਓ- ਬ੍ਰਹਮ, ਪ੍ਰਮਾਤਮਾ, ਪ੍ਰਮ ਸ਼ਕਤੀ, ਓਮ (ੴ) ਸਰਬ ਸ਼ਕਤੀਮਾਨ ਜੋ ਨਿਰਗੁਣ ਸਰੂਪ ਹੈ। ਸਰਗੁਣ ਸਰੂਪ ਹੈ; ਇਕ ਰਸ, ਬਹੁ ਰਸ ਤੇ ਫਿਰ ਇਕ ਰਸ। ਏਕ ਹੈ ਅਨੇਕ ਹੈ ਫਿਰ ਏਕ ਹੈ, ਅਕੱਥ ਹੈ, ਅਗੱਮ ਹੈ, ਅਗਾਦ ਹੈ, ਨਿਰਅੰਜਨ ਹੈ।

*ਓਅੰ ਸਾਧ ਸਤਿਗੁਰ ਨਮਸਕਾਰੰ*
*ਆਦਿ ਮਧਿ ਅੰਤਿ ਨਿਰੰਕਾਰੰ।*

ਪੰਨਾ-250॥੫॥

*ਓਨਮ ਅਖਰੁ ਸਣਹੁ ਬੀਚਾਰੁ॥*
*ਓਨਮ ਅਖਰ ਤ੍ਰਿਭਵਣ ਸਾਰੁ॥*

930/ਪ:1

ਕਾਰ, ਪ੍ਰਮਸ਼ਕਤੀ ਦੀ ਕਿਰਤ "ਕੁਦਰਤ" ਜੋ ਕੇਵਲ ਇਕ ਹੈ।

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥*
*ਕੁਦਰਤਿ ਕਵਨ ਕਹਾ ਵੀਚਾਰੁ॥*
*ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥*
*ਤੂ ਸਦਾ ਸਲਾਮਤਿ ਨਿਰੰਕਾਰ॥* (ਜਪੁਜੀ)

"ਏਕੋ" ਅੱਖਰ ਗੁਰੂ ਨਾਨਕ ਸਾਹਿਬ ਨੇ ਦੋਹਾਂ "ਪਸਾਉ" ਤੇ "ਕਵਾਉ" ਵਾਸਤੇ ਵਰਤਿਆ ਜਾਪਦਾ ਹੈ, ਜਿਸ ਤਰ੍ਹਾਂ ਨਿਮਨਲਿਖਤ ਅਨੁਸਾਰ ਗੁਰੂ ਅਰਜਨ ਸਾਹਿਬ ਜੀ ਨੇ "ਨ" ਅੱਖਰ "ਹਜ ਕਾਬੈ" ਤੇ "ਤੀਰਥ ਪੂਜਾ" ਯਾਂ "ਪੂਜਾ ਕਰਉ" ਤੇ "ਨਿਵਾਜ ਗੁਜਾਰਉ" ਲਈ ਵਰਤਿਆ ਹੈ।

*ਹਰ ਕਾਬੈ ਜਾਉ ਨ ਤੀਰਥ ਪੂਜਾ॥*
*ਏਕੋ ਸੇਵੀ ਅਵਰ ਨ ਦੂਜਾ॥*
*ਪੂਜਾ ਕਰਉ ਨ ਨਿਵਾਜ ਗੁਜਾਰਉ॥*
*ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥* ਪ:5

ਇਸ ਤੋਂ ਇਹ ਨਿਸ਼ਚਿਤ ਹੈ ਕਿ ਕੁਦਰਤ ਇਕ ਹੀ ਹੈ, ਜੋ ਅਗਮ ਹੈ, ਅਗਾਦ ਹੈ, ਅਪਰਮ ਅਪਾਰ ਹੈ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਿਆ।

ਕਾਰ ਯਾਂ ਕੁਦਰਤ ਦਾ ਪਸਾਰਾ

1. ਬ੍ਰਹਮਾ, ਵਿਸ਼ਨੂੰ, ਮਹੇਸ਼, ਧਰਮਰਾਜ (ਜਮਣਾ) (ਜਿਊਣਾ) (ਮਰਣਾ) (ਖਾਤਾ)

2. ਆਤਮਾ (ਪ੍ਰਮਾਤਮਾ ਦੀ ਅੰਸ), ਸੁਰਤ, ਮਨ, ਬੁਧੀ ਭਗਤੀ ਸਮਾਧੀ; ਦੱਯਾ ਜ਼ੁਲਮ; ਗਿਆਨ ਧਰਮ; ਕਾਮ ਕਰੋਧ, ਲੋਭ, ਮੋਹ, ਹੰਕਾਰ; ਪ੍ਰੇਮ ਨਫਰਤ, ਤ੍ਰਿਸ਼ਨਾ ਸੰਤੋਖ; ਭੈ, ਨਿਰਭੈਤਾ; ਵੈਰ ਨਿਰਵੈਰਤਾ; ਫਿਕਰ ਬੇਫਿਕਰੀ।

3. ਪੰਜਤੱਤ- ਹਵਾ, ਪਾਣੀ, ਅਗਨੀ, ਧਰਤੀ, ਆਸਮਾਨ

4. ਪੰਜ ਵਾਸ਼ਨਾਵਾਂ - ਦੇਖਣਾ, ਸੁਣਨਾ, ਸੁੰਘਣਾ, ਚੱਖਣਾ, ਛੂਹਣਾ

5. ਪੁਲਾੜ - ਗ੍ਰਹਿ, ਸੂਰਜ, ਚੰਦ, ਸਮੁੰਦਰ, ਪਹਾੜ, ਮੌਸਮ, ਦਿਨ ਰਾਤ

6. ਉਤਪਤੀ- ਚਾਰ ਖਾਣੀਆਂ- ਅੰਡਜ, ਜੇਰਜ, ਸੇਤਜ, ਉਤਭੁਜ

7. ਕਈ ਹੋਰਵੀ। (ਨਰ, ਨਾਰੀ 84 ਲੱਖ ਜੂਨਾਂ)

ਏਕੰਕਾਰ ਅਵਰੁ ਨਹੀ ਦੂਜਾ ਨਾਨਕ ਏਕ ਸਮਾਈ। 930/ਪਾ:1

ਗੁਰੂ ਨਾਨਕ ਸਾਹਿਬ ਨੇ ਸਚੇ ਨਾਮ (ਸਤਿਨਾਮੁ) ਦੀ ਪਦਵੀ ੧ਓ ਨੂੰ ਹੀ ਬਖਸ਼ੀ ਹੈ ਕਿਉਂਕਿ ਇਸ ਵਿਚ ਉਸ ਪ੍ਰਮਸ਼ਕਤੀ ਦੀ ਨਿਰਗੁਣਤਾ ਤੇ ਸਰਗੁਣਤਾ ਭਰੀ ਹੋਈ ਹੈ। ਇਸ ਵਿਚ ਦਰਸਾਈ ਕੁਦਰਤ ਰਾਹੀਂ ਉਸ ਪ੍ਰਮਸ਼ਕਤੀ ਦੇ ਪ੍ਰਾਣੀ ਨੂੰ ਜਲੌ ਰਾਹੀਂ ਦਰਸ਼ਨ ਹੁੰਦੇ ਹਨ, ਅਲਾਹੀ ਨਾਦਾਂ ਸੁਣਾਈ ਦਿੰਦੀਆਂ ਹਨ, ਅਨੇਕਾਂ ਸੁਗੰਧੀਆਂ ਤੇ ਬੇਅੰਤ ਰਸਾਂ ਦਾ ਸੁਆਦ ਆਉਂਦਾ ਹੈ।

ਅਨੰਤ ਸੰਤ ਪੁਰਸ਼ਾਂ ਦੀ ਚਰਨ ਛੋਹ ਦੀ ਪ੍ਰਾਪਤੀ ਕਰਕੇ ਮਨ ਵਾਹ ਵਾਹ ਦੀ ਅਗੰਮੀ ਸੁਰਤ ਵਿਚ ਮਖਮੂਰ ਹੋ ਸਮਾਧੀ 'ਚ ਚਲਿਆ ਜਾਂਦਾ ਹੈ ਤੇ ਉਸ ਪ੍ਰਮਸ਼ਕਤੀ ਵਿਚ ਸਮਾ ਜਾਂਦਾ ਹੈ। ਇਸ ੧ਓ ਨੂੰ ਹੀ ਸਤਿਨਾਮ ਤੇ ਪੂਰਾ ਪੂਰਬਲਾ ਕਿਹਾ ਹੈ।

*ਕਿਰਤਮ ਨਾਮ ਕਥੈ ਤੇਰੇ ਜਿਹਬਾ।*
*ਸਤਿਨਾਮੁ ਤੇਰਾ ਪਰਾ ਪੂਰਬਲਾ॥* ਪੰਨਾ 1089

ਜੋ ਆਦਿ ਤੋਂ ਚਲਿਆ ਆ ਰਿਹਾ ਤੇ ਭਵਿੱਖ 'ਚ ਵੀ ਚਲਦਾ ਚਲਾ ਜਾਵੇਗਾ। ਇਸ ੧ਓ (ਸਤਿਨਾਮੁ) ਨੂੰ ਜਪਣ ਵਾਸਤੇ ਗੁਰੂ ਸਾਹਿਬ ਨੇ ਵਾਰ ਵਾਰ ਹਮੇਸ਼ਾ ਲਈ ਤਾਕੀਦ ਕੀਤੀ ਹੈ।

*ਜਪਿ ਮਨ ਸਤਿਨਾਮੁ ਸਦਾ ਸਤਿਨਾਮੁ।*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖ ਨਿਰੰਜਨਾ॥*

ਪੰਨਾ 670

ਗੁਰੂ ਨਾਨਕ ਸਾਹਿਬ ਨੇ ਅਪਨੀ ਸਰੀਰਕ ਉਮਰ 'ਚ ਨਿਰੰਕਾਰ ਦੀ ਅਰਾਧਨਾ ਸਤਿਨਾਮ (ੴ) ਦੇ ਜਪਣ ਰਾਹੀਂ ਕੀਤੀ ਹੈ। ਭਾਈ ਗੁਰਦਾਸ ਸਿੰਘ ਜੀ ਦੀਆਂ ਵਾਰਾਂ ਵੀ ਗਵਾਹੀ ਦਿੰਦੀਆਂ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਤਿਨਾਮ (ੴ) ਦੇ ਜਪਣ ਰਾਹੀਂ ਪ੍ਰਮਸ਼ਕਤੀ ਦੀ ਯਾਦ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਨੇ ੴ ਨੂੰ ਸਤਿਨਾਮ ਦਰਸਾਉਣ ਲਈ 40 ਵਾਰ ਦੁਹਰਾਇਆ ਵੀ ਹੈ।

ਦਾਸ ਨੇ ਜਪੁਜੀ ਸਾਹਿਬ ਦੀਆਂ ਕਈ ਸਟੀਕਾਂ ਦਾ ਅਧਿਐਨ ਕੀਤਾ ਹੈ, ਉਨ੍ਹਾਂ ਵਿਚ ਕਿਸੇ ਕਰਤੇ ਨੇ ਵੀ ੴ ਨੂੰ ਸਤਿਨਾਮ/ਸਚੇ ਨਾਮ ਕਰਕੇ ਨਹੀਂ ਮੰਨਿਆ ਪਰੰਤੂ ਇਹੀ ਲਿਖਿਆ ਹੈ ਕਿ ਉਸ ਪ੍ਰਮਾਤਮਾ ਦਾ ਨਾਮ ਸੱਚਾ ਹੈ ਪਰ ਨਾਮ ਦਾ ਵੇਰਵਾ ਨਹੀਂ ਦਿੱਤਾ ਤੇ ਨਾ ਹੀ ਦਰਸਾਇਆ ਹੈ ਕਿ ਕਿਸ ਅੱਖਰ ਰਾਹੀਂ ਉਸ ਦਾ ਨਾਮ ਜਪਣਾ ਹੈ। ਇਸ ਤਰ੍ਹਾਂ "ਸਤਿਨਾਮ" ਅੱਖਰ ਮੂਲ ਮੰਤਰ ਤੋਂ ਕੁਝ ਵੱਖਰਾ ਜਿਹਾ ਲੱਗਦਾ ਹੈ। ਜਿਦਾਂ ਮੂਲ ਮੰਤਰ ਨਾਲ ਇਸ ਦਾ ਕੋਈ ਸਬੰਧ ਨਹੀ ਹੈ ਯਾਂ ਕੁਝ ਖਲਾਅ ਜਿਹਾ ਭਾਸਦਾ ਹੈ। ਇਸ ਖਲਾਅ ਨੂੰ ਯਾਂ ਅਸੰਬੰਧਿਤਤਾ ਨੂੰ ਹਜ਼ਮ ਕਰਨਾ ਮੁਸ਼ਕਲ ਹੈ। ਕਿਉਂਕਿ ਮੂਲ ਮੰਤਰ ਜੋ ਅਤੀ ਪਵਿੱਤਰ ਹੈ ਉਸ ਵਿਚ ਨਾਮ ਦਾ ਵੇਰਵਾ ਨ ਹੋਵੇ, ਨਾਮ ਦੇ ਜਪਣ ਲਈ ਅੱਖਰ ਨ ਹੋਵੇ, ਨੂੰ ਮਨ ਮੰਨਣ ਲਈ ਸੰਕੋਚ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਸ਼ਬਦਾਂ ਦੇ ਅੱਖਰ ਆਪਸ ਵਿਚ ਪੂਰਾ ਸੰਬੰਧ ਰੱਖਦੇ ਹਨ ਤੇ ਕਦੀ ਵੀ ਬਾਹਰੋਂ ਕਿਸੇ ਹੋਰ ਅੱਖਰ ਲੈਣ ਦੀ ਲੋੜ ਨਹੀਂ ਪੈਂਦੀ। ਫਿਰ ਮੂਲ ਮੰਤਰ ਨੂੰ ਸੰਮਪੂਰਨਤਾ ਰਹਿਤ ਕਿਦਾਂ ਮੰਨਿਆ ਜਾ ਸਕਦਾ ਹੈ। ੴ ਨੂੰ ਸਤਿਨਾਮ ਤੋਂ ਬਗੈਰ ਕਿਸੇ ਹੋਰ ਅੱਖਰ ਨੂੰ ਸਤਿਨਾਮ ਕਹਿਣ/ਮੰਨਣ ਦੀ ਸਪਸ਼ਟਤਾ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਲਿਖਤ (ਜੋ ਗੁਰੂਆਂ ਦੀ ਆਪਣੀ ਲਿਖਤ ਹੈ ਤੇ ਜਿਸ ਦੀ ਨਵੀਨਤਾ ਪੂਰੀ ਤਰ੍ਹਾਂ ਕਾਇਮ ਹੈ 'ਚੋਂ ਨਹੀਂ ਮਿਲਦੀ। ਇੰਜ ਭਾਸਦਾ ਹੈ ਕਿ ਇਸ ਦੇ ਸਮਝਣ ਵਿਚ ਸਾਡੀ ਆਪਣੀ ਕੁਝ ਘਾਟ ਹੈ। ਜੋ ਮੂਲ ਮੰਤਰ ਦੇ ਇਕ ਇਕ ਅੱਖਰ ਨੂੰ ਉਸ ਪ੍ਰਮ ਸ਼ਕਤੀ ੴ (ਬੀਜ ਮੰਤਰ) ਦਾ ਅੰਗ ਸਮਝੀਏ ਤਾਂ ਸਤਿਨਾਮ ਜ਼ਰੂਰ ੴ ਹੈ, ਸਿਰਫ ੴ ਹੀ ਹੋਰ ਕੋਈ ਨਹੀਂ।

ਇਸ ਸਾਲ ਗੁਰੂ ਗ੍ਰੰਥ ਸਾਹਿਬ ਦੇ 400 ਸਾਲ ਪ੍ਰਕਾਸ਼ ਦਿਵਸ ਮਨਾਉਣਾ ਦਾ ਲਾਭ/ਭਾਵ ਤਾਹੀਂ ਪੂਰਾ ਹੋ ਸਕੇਗਾ ਜੇ ਸਿੱਖ ਸੰਗਤਾਂ ੴ ਨੂੰ ਸਤਿਨਾਮ ਮਨੋ ਮੰਨਣ ਦਾ ਉਪਰਾਲਾ ਕਰਨ ਤੇ ਪੰਥਕ ਪ੍ਰਚਾਰਕ ਇਸ ਸਬੰਧੀ ਗਹਿਰੀ ਰੁਚੀ ਦਿਖਾਉਣ ਤਾਂ ਜੋ ਸਿੱਖ ਸੰਗਤਾਂ ੴ ਨੂੰ ਪੂਰੇ ਪ੍ਰੇਮ ਭਾਵਨਾ ਨਾਲ ਜਾਪ ਕਰਦਿਆਂ ਉਸ, ਪ੍ਰਮ-ਸ਼ਕਤੀ (ੴ) ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਪ੍ਰਗਟਾਉਣ ਕਿਉਂਕਿ ਅਸਾਂ ਤਾਂ ਗੁਰੂ ਸਾਹਿਬਾਂ ਦੇ ਹੁਕਮ ੴ ਸਤਿਨਾਮ ਨੂੰ ਮੰਨਣਾ ਹੈ ਇਸ ਨੂੰ ਹੀ ਜਪਣਾ ਹੈ ਤੇ ਹਉਮੈ ਮਿਟਾ ਕੇ ਮੁਕਤੀ ਹਾਸਲ ਕਰਨੀ ਹੈ ਨਾਂ ਕਿ ਕਿਸੇ ਡੇਰੇ ਦੇ ਯਾਂ ਸਾਧਾਂ ਦੀ ਸਿੱਖਿਆ ਅਨੁਸਾਰ ਚਲਣਾ ਹੈ।

# ਸੁਪਨੇ


ਡਾ. ਜਾਗੀਰ ਸਿੰਘ
422, ਸੈਕਟਰ 15-ਏ
ਚੰਡੀਗੜ੍ਹ


ਮਨੁੱਖ ਦੇ ਮਨ ਦੀਆਂ ਦੋ ਹਾਲਤਾਂ ਹਨ- ਇਕ ਹੈ ਜਾਗਰਿਤ ਅਤੇ ਦੂਜੀ ਸੁਪਤ। ਜਾਗਰਿਤ ਹਾਲਤ ਵਿੱਚ ਅਸੀਂ ਚੇਤਨ ਰਹਿੰਦੇ ਹਾਂ। ਬੜਾ ਸੋਚ ਕੇ ਕੋਈ ਕੰਮ ਕਰਦੇ ਹਾਂ ਸਾਡਾ ਸਰੀਰ ਅਤੇ ਮਨ ਦੋਵੇਂ ਚੇਤੰਨ ਤੌਰ 'ਤੇ ਕਿਰਿਆਸ਼ੀਲ ਹੁੰਦੇ ਹਨ। ਸੁਪਨ ਅਵਸਥਾ ਵਿੱਚ ਮਨ ਅਤੇ ਸਰੀਰ ਦੋਵੇਂ ਅਚੇਤ ਹੁੰਦੇ ਹਨ। ਇਹ ਚੇਤੰਨ ਤੌਰ 'ਤੇ ਕਿਰਿਆਸ਼ੀਲ ਨਹੀਂ ਹੁੰਦੇ। ਇਸ ਹਾਲਤ ਵਿੱਚ ਜਦੋਂ ਕੋਈ ਕਲਪਨਾ ਮਨ ਉੱਤੇ ਭਾਰੂ ਹੁੰਦੀ ਹੈ ਤਾਂ ਮਨ ਉਸ ਕਲਪਨਾ ਅਨੁਸਾਰ ਕਾਰਜ ਕਰਨਾ ਸ਼ੁਰੂ ਕਰ ਦਿੰਦਾ ਹੈ। ਸੁਪਨ ਅਵਸਥਾ ਵਿਚਲੀ ਇਸ ਕਿਰਿਆ ਨੂੰ ਸੁਪਨਾ ਕਿਹਾ ਜਾਂਦਾ ਹੈ।

ਸੁਪਨਾ ਆਉਣ ਦੇ ਕਾਰਨ ਦੋ ਕਿਸਮ ਦੇ ਹਨ- ਸਰੀਰਕ ਅਤੇ ਮਾਨਸਿਕ। ਸਰੀਰਕ ਕਾਰਨ ਵਿੱਚ ਸਰੀਰ ਨੂੰ ਕੋਈ ਵੀ ਕਸ਼ਟ ਹੋ ਸਕਦਾ ਹੈ ਪੇਟ ਦੀ ਖਰਾਬੀ ਇਸ ਦਾ ਆਮ ਕਾਰਨ ਹੈ। ਸਰੀਰ 'ਤੇ ਕਿਤੇ ਮਾੜੀ ਮੋਟੀ ਸੱਟ ਲੱਗੀ ਹੋਵੇ ਤਾਂ ਸੁਪਨੇ ਵਿੱਚ ਉਹ ਸੱਟ ਹੋਰ ਰੂਪ ਧਾਰਨ ਕਰਕੇ ਪੀੜ ਕਰਦੀ ਹੈ ਜਿਵੇਂ ਨਾਨਕ ਸਿੰਘ ਦੀ ਕਹਾਣੀ 'ਅਰਜ਼ੀ' ਵਿੱਚ ਸ਼ਾਹੂਕਾਰ ਰਲਾ ਰਾਮ ਦੇ ਪੈਰ ਉੱਤੇ ਜੁੱਤੀ ਲੱਗਣ ਕਰਕੇ ਜ਼ਖਮ ਹੋ ਜਾਂਦਾ ਹੈ। ਪਰ ਉਸਨੂੰ ਸੁਪਨਾ ਆਉਂਦਾ ਹੈ ਉਸ ਜੱਟ ਦਾ, ਜਿਸਦੇ ਖਿਲਾਫ ਉਹ ਅਰਜ਼ੀ ਪਾਉਣ ਜਾ ਰਿਹਾ ਹੁੰਦਾ ਹੈ। ਉਹ ਜੱਟ ਸੁਪਨੇ ਵਿਚ ਰਲਾ ਰਾਮ ਨੂੰ ਮਾਰਦਾ ਕੁੱਟਦਾ ਹੈ ਅਤੇ ਉਸਦਾ ਪੈਰ ਮੰਜੀ ਦੇ ਪਾਵੇ ਹੇਠ ਦੇ ਕੇ ਆਪ ਉਤੇ ਬੈਠ ਜਾਂਦਾ ਹੈ। ਰਲਾ ਰਾਮ ਨੂੰ ਬੜੀ ਦਰਦ ਹੁੰਦੀ ਹੈ। ਇਸ ਤਰ੍ਹਾਂ ਉਸਦੇ ਪੈਰ ਦੀ ਦਰਦ ਨੇ ਉਸਨੂੰ ਇਸ ਕਿਸਮ ਦਾ ਸੁਪਨਾ ਵਿਖਾਇਆ।

ਮਨੁੱਖ ਦੀਆਂ ਅਤ੍ਰਿਪਤ ਤੇ ਅਧੂਰੀਆਂ ਲਾਲਸਾਵਾਂ ਵੀ ਸੁਪਨੇ ਆਉਣ ਦਾ ਕਾਰਨ ਬਣਦੀਆਂ ਹਨ। ਇਹ ਮਾਨਸਿਕ ਕਾਰਨ ਹੈ। ਕਈ ਅਜਿਹੀਆਂ ਇੱਛਾਵਾਂ ਹੁੰਦੀਆਂ ਹਨ ਜਿਹਨਾਂ ਨੂੰ ਅਸੀਂ ਜਾਗਰਿਤ ਅਵਸਥਾ ਵਿੱਚ ਪੂਰਾ ਨਹੀਂ ਕਰ ਸਕਦੇ। ਸਗੋਂ ਉਹਨਾਂ ਨੂੰ ਕਿਸੇ ਦੇ ਸਾਹਮਣੇ ਪ੍ਰਗਟ ਕਰਨ ਤੋਂ ਵੀ ਡਰਦੇ ਜਾਂ ਸੰਗਦੇ ਹਾਂ। ਇਹ ਦਬਾਈਆਂ ਹੋਈਆਂ ਇੱਛਾਵਾਂ ਹੌਲੀ ਹੌਲੀ ਸਾਡੇ ਅਚੇਤ ਮਨ ਵਿੱਚ ਪਹੁੰਚ ਜਾਂਦੀਆਂ ਹਨ। ਨੀਂਦ ਵੇਲੇ ਸਾਡਾ ਮਨ ਅਚੇਤ ਹੁੰਦਾ ਹੈ। ਸਰੀਰ ਵੀ ਅਚੇਤ ਹੁੰਦਾ ਹੈ। ਇਸ ਵੇਲੇ ਅਚੇਤ ਮਨ ਵਿਚਲੀਆਂ ਅਤ੍ਰਿਪਤ ਇੱਛਾਵਾਂ ਸਾਡੇ ਮਨ ਉਪਰ ਕਾਬੂ ਪਾ ਲੈਂਦੀਆਂ ਹਨ ਅਤੇ ਕਲਪਨਾ ਵਿੱਚ ਸੁਪਨੇ ਰਾਹੀਂ ਇਹਨਾਂ ਇਛਾਵਾਂ ਦੀ ਪੂਰਤੀ ਹੋਣ ਲੱਗ ਪੈਂਦੀ ਹੈ।

ਕੁਝ ਲੋਕਾਂ ਨੂੰ ਰਾਤੀਂ ਬੁੜਬੁੜਾਉਣ ਦੀ ਆਦਤ ਹੁੰਦੀ ਹੈ। ਜੋ ਕੁਝ ਉਹ ਦਿਨੇਂ ਕਰਨਾ ਚਾਹੁੰਦੇ ਹਨ ਪਰ ਕਰ ਨਹੀਂ ਸਕਦੇ ਜਾਂ ਅਗਲੇ ਦਿਨ ਕਰਨ ਦੀ ਤੀਬਰ ਇੱਛਾ ਰੱਖਦੇ ਹਨ- ਉਹ ਕੁਝ ਉਹ ਰਾਤੀਂ ਸੁਪਨੇ ਵਿੱਚ ਬੋਲਦੇ ਹਨ। ਕਈ ਲੋਕਾਂ ਦਾ ਸੁਪਨਾ ਇਤਨਾ ਗੂਹੜਾ ਹੁੰਦਾ ਹੈ ਕਿ ਉਹ ਨੀਂਦ ਵਿਚ ਹੀ ਤੁਰਨਾ ਸ਼ੁਰੂ ਕਰ ਦਿੰਦੇ ਹਨ।

ਸੁਪਨਿਆਂ ਦੇ ਰਹੱਸ ਨੂੰ ਜਾਣਨ ਲਈ ਬੜੇ ਜਤਨ ਕੀਤੇ ਜਾਂਦੇ ਰਹੇ ਹਨ। ਕਈ ਵਹਿਮ ਭਰਮ ਇਹਨਾਂ ਦੇ ਅਧਾਰ 'ਤੇ ਹੀ ਉਸਰ ਗਏ ਹਨ। ਸੁਪਨੇ ਵਿੱਚ ਭਾਵੇਂ ਚੰਗਾ ਹੋਇਆ ਹੋਵੇ ਭਾਵੇਂ ਮਾੜਾ ਉਸਦਾ ਸਾਡੀ ਕਿਸਮਤ ਨਾਲ ਕੋਈ ਸਬੰਧ ਨਹੀਂ ਹੁੰਦਾ।

ਮਨੁੱਖੀ ਮਨ ਆਪਣੀ ਬੁਰਾਈ ਘੱਟ ਬਰਦਾਸ਼ਤ ਕਰਦਾ ਹੈ। ਇਸ ਲਈ ਚਾਹੁੰਦਾ ਹੈ ਕਿ ਹਮੇਸ਼ਾ ਚੰਗੇ ਸੁਪਨੇ ਹੀ ਆਉਣ ਪਰ ਕਈ ਸੁਪਨੇ ਬੜੇ ਭਿਆਨਕ ਹੁੰਦੇ ਹਨ। ਉਸ ਸੁਪਨੇ ਦਾ ਯਥਾਰਥ ਵਿੱਚ ਵਾਪਰਨਾ ਅਸੀਂ ਸਹਿ ਨਹੀਂ ਸਕਦੇ। ਕਿਸੇ ਨਿਕਟੀ ਦੀ ਮੌਤ ਜਾਂ ਆਪਣੀ ਮੌਤ ਬਾਰੇ ਸੋਚਣ ਤੋਂ ਅਸੀਂ ਡਰਦੇ ਹਾਂ। ਕਈ ਸਿਆਣੇ ਲੋਕਾਂ ਨੇ ਸੁਪਨੇ ਵਿਚ ਹੋਣ ਵਾਲੀ ਮੌਤ ਬਾਰੇ ਇਹ ਗੱਲ ਪ੍ਰਚੱਲਤ ਕੀਤੀ ਹੋਈ ਹੈ ਕਿ ਜਿਸਦੀ ਸੁਪਨੇ ਵਿੱਚ ਮੌਤ ਹੋਵੇ ਉਸਦੀ ਉਮਰ ਲੰਮੀ ਹੋ ਜਾਂਦੀ ਹੈ। ਪਰ ਮਨੁੱਖ ਡਰਦਾ ਜ਼ਰੂਰ ਹੈ। ਸੁਪਨੇ ਵਿੱਚ ਰੋਂਦਾ ਵੀ ਹੈ। ਭਗਤ ਰਵਿਦਾਸ ਜੀ ਦੱਸਦੇ ਹਨ-

*ਨਰਪਤ ਏਕ ਸਿੰਘਾਸਨ ਸੋਇਆ*
*ਸੁਪਨੇ ਭਇਆ ਭੈਖਾਰੀ॥*
*ਅਛਤ ਰਾਜ ਬਿਛਰਤ ਦੁਖ ਪਾਇਆ*
*ਸੋ ਗਤ ਭਈ ਹਮਾਰੀ॥*

ਜਦੋ ਕੋਈ ਰੱਜਿਆ ਪੁਜਿਆ ਆਦਮੀ ਸੁਪਨੇ ਵਿਚ ਭਿਖਾਰੀ ਬਣਦਾ ਹੈ ਤਾਂ ਡਰ ਨਾਲ ਪਸੀਨਾ ਪਸੀਨਾ ਹੋ ਜਾਂਦਾ ਹੈ, ਜੇ ਸਚਮੁੱਚ ਹੀ ਉਹ ਗਰੀਬ ਹੋ ਜਾਵੇ ਤਾਂ....

ਜਿੱਥੇ ਮਾੜੇ ਸੁਪਨੇ ਨੂੰ ਅਸੀਂ ਦੁਬਾਰਾ ਦੇਖਣਾ ਨਹੀਂ ਚਾਹੁੰਦੇ ਉਥੇ ਚੰਗੇ ਸੁਪਨੇ ਲਈ ਅਸੀਂ ਤਰਸਦੇ ਵੀ ਜ਼ਰੂਰ ਹਾਂ। ਸੁਪਨੇ ਵਿਚ ਕੋਈ ਚੰਗੀ ਪ੍ਰਾਪਤੀ ਕਰ ਲੈਣੀ ਭਰਮ ਹੈ ਪਰ ਮਨ ਨੂੰ ਖੁਸ਼ੀ ਜ਼ਰੂਰ ਹੁੰਦੀ ਹੈ। ਗੁਰੂ ਸਾਹਿਬਾਨ ਨੇ ਤਾਂ ਇਸ ਮਨੁੱਖੀ ਜੀਵਨ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਸੁਪਨੇ ਦੀਆਂ ਪ੍ਰਾਪਤੀਆਂ ਦੱਸਿਆ ਹੈ। ਕਈ ਵਾਰੀ ਸੁਪਨੇ ਵਿੱਚ ਉਹ ਚੀਜ਼ ਮਿਲਦੀ ਹੈ ਕਿ ਜਾਗ ਆਉਣ ਤੇ ਅਸੀਂ ਪਛਤਾਂਦੇ ਹਾਂ-

*ਸੁਪਨੇ ਆਇਆ ਭੀ ਗਇਆ ਮੈਂ ਜਲ ਭਰਿਆ ਰੋਇ।*

ਜਦੋਂ ਮਨੁੱਖ ਕਿਸੇ ਚੀਜ਼ ਲਈ ਯਥਾਰਥਕ ਜ਼ਿੰਦਗੀ ਨਾਲ ਟੱਕਰਾਂ ਮਾਰ ਮਾਰ ਕੇ ਹੰਭ ਗਿਆ ਹੋਵੇ ਤੇ ਅਚਾਨਕ ਉਸ ਨੂੰ ਉਹ ਚੀਜ ਸੁਪਨੇ ਵਿਚ ਮਿਲ ਜਾਵੇ ਤਾਂ ਉਹ ਸੁਪਨੇ ਵਿਚ ਰਹਿਣਾ ਹੀ ਚੰਗਾ ਸਮਝਦਾ ਹੈ। ਜੇ ਜਾਗ ਆ ਜਾਂਦੀ ਹੈ ਤਾਂ ਪਛਤਾਉਂਦਾ ਹੈ। ਕੁਝ ਹੋਰ ਮਿਲਾਪ ਲਈ ਤਰਸਦਾ ਹੈ। ਪ੍ਰੀਤਮ ਪਿਆਰੇ ਦੇ ਲੜ ਨੂੰ ਫੜੀ ਕਿਉਂ ਨਾ ਰੱਖਿਆ-

*ਸੁਪਨੇ ਊਭੀ ਭਈ ਗਹਿਓ ਕੀ ਨਾ ਅੰਚਲਾ।*

ਸੁਪਨੇ ਵਿੱਚ ਤਾਂ ਭਾਈ ਵੀਰ ਸਿੰਘ ਵੀ ਉਠ ਕੇ ਗਲਵਕੜੀ ਪਾਉਂਦਾ ਹੈ। ਇਹ ਗੱਲ ਵੱਖਰੀ ਹੈ ਕਿ ਉਹ ਨੂਰ ਹੱਥ ਨਹੀਂ ਆਉਂਦਾ। ਮਿਲਾਪ ਤਾਂ ਜਾਗਰਿਤ ਅਵਸਥਾ ਵਿੱਚ ਹੋ ਸਕਦਾ ਹੈ ਪਰ ਇਹ ਮਿਲਾਪ ਸਾਡੇ ਲਈ ਬੜਾ ਮੁਸ਼ਕਲ ਹੁੰਦਾ ਹੈ।

ਮਨੁੱਖ ਦੀ ਸਮਰਥਾ ਕਈ ਗੱਲਾਂ ਵਿੱਚ ਬੜੀ ਸੀਮਤ ਹੁੰਦੀ ਹੈ। ਇਸ ਲਈ ਘੜੀ-ਮੁੜੀ ਨੀਂਦ ਨੂੰ ਪੁਕਾਰਿਆ ਜਾਂਦਾ ਹੈ-

*ਆਓ ਸੁਭਾਗੀ ਨੀਂਦੜੀਏ ਮਤ ਸਹੁ ਦੇਖਾ ਸੋਇ।*

ਕਿਉਂਕਿ ਨੀਂਦ ਵਿਚਲਾ ਮਿਲਾਪ ਭਾਵੇਂ ਅਸਲੀ ਮਿਲਾਪ ਨਹੀਂ ਹੁੰਦਾ, ਪਰ ਇਸ ਮਿਲਾਪ ਨਾਲ ਯਥਾਰਥਕ ਮਿਲਾਪ ਲਈ ਤੜਪ ਹੋਰ ਡੂੰਘੀ ਹੋ ਜਾਂਦੀ ਹੈ। ਉਸਦੇ ਲੜ ਦੀ ਛੂਹ ਨਾਲ ਹੀ ਉਤਸ਼ਾਹ ਦੀ ਬਿਜਲੀ ਚਮਕ ਪੈਂਦੀ ਹੈ। ਅਸਲ ਵਿਚ ਵੀ ਜਤਨ ਸ਼ੁਰੂ ਕਰ ਦਿੱਤੇ ਜਾਂਦੇ ਹਨ। ਭਗਤ ਕਬੀਰ ਜੀ ਇਸ ਲਈ ਕਹਿੰਦੇ ਹਨ-

*ਸੁਪਨੇ ਹੂ ਬਰੜਾਇਕੇ ਜਿਹ ਮੁਖ ਨਿਕਸਿਓ ਰਾਮ।*
*ਤਾਂਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮ।*

ਜਿਸ ਮਨੁੱਖ ਨੇ ਸੁਪਨੇ ਵਿੱਚ ਰਾਮ ਦਾ ਨਾਂ ਲਿਆ ਉਹ ਸ਼ਾਇਦ ਜਾਗਣ ਤੇ ਵੀ ਰਾਮ ਕਹੇਗਾ।

ਸੁਪਨੇ ਸਭ ਨੂੰ ਆਉਂਦੇ ਹਨ। ਕਲਪਨਾ ਮਨੁੱਖ ਦਾ ਖਾਸਾ ਹੈ। ਪਰ ਮਨੁੱਖ ਦੀ ਕੋਸ਼ਿਸ਼ ਹੁੰਦੀ ਹੈ ਬੁਰੇ ਸੁਪਨੇ ਨਾ ਆਉਣ। ਬੁਰੇ ਸੁਪਨੇ ਉਦੋਂ ਤੱਕ ਹਟਾਏ ਨਹੀਂ ਜਾ ਸਕਦੇ ਜਦੋਂ ਤੱਕ ਮਨੁੱਖੀ ਸਮਾਜ ਵਿਚੋਂ ਬੁਰਾਈ ਨਹੀਂ ਖਤਮ ਹੁੰਦੀ। ਇਹਨਾਂ ਸੁਪਨਿਆਂ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਜੇ ਮਨੁੱਖ ਆਪਣੇ ਮਨ ਵਿੱਚ ਠੀਕ ਵਿਚਾਰ ਲਿਆਵੇ। ਘੜੀ ਮੁੜੀ ਕੋਸ਼ਿਸ਼ ਕਰ ਕਰ ਕੇ ਮਾੜੇ ਵਿਚਾਰ ਨਾ ਲਿਆਵੇ ਤਾਂ ਮਾੜੇ ਸੁਪਨੇ ਵੀ ਘੱਟ ਸਕਦੇ ਹਨ।

ਕਈ ਲੋਕ ਬਿਸਤਰੇ 'ਤੇ ਜਾਣ ਤੋਂ ਪਹਿਲਾਂ ਘਰਦਿਆਂ ਨਾਲ ਖਿਝਦੇ ਹਨ, ਲੜਦੇ ਹਨ। ਅਜਿਹੇ ਲੋਕਾਂ ਨੂੰ ਅਵਲ ਤਾਂ ਨੀਂਦ ਨਹੀਂ ਆਉਂਦੀ ਜੇ ਨੀਂਦ ਆ ਵੀ ਜਾਵੇ ਤਾਂ ਸੁਪਨੇ ਆਉਂਦੇ ਹਨ ਅਤੇ ਸੁਪਨੇ ਵੀ ਭੈੜੇ ਆਉਂਦੇ ਹਨ। ਚੰਗੇ ਸੁਪਨੇ ਲਿਆਉਣ ਲਈ ਜ਼ਰੂਰੀ ਹੈ ਮਨੁੱਖ ਜੀਵਨ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਬਦਲੇ। ਜਿਹੜਾ ਮਨੁੱਖ ਰੋਂਦੂ ਹੈ ਉਹ ਸੁਪਨੇ ਵਿੱਚ ਵੀ ਰੋਂਦੂ ਹੀ ਰਹੇਗਾ। ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮਨੁੱਖ ਚੰਗੇ ਸੁਪਨੇ ਵੇਖੇਗਾ।

ਰਾਤ ਨੂੰ ਸੌਣ ਲੱਗਿਆ ਮਾੜੀਆਂ ਸੋਚਾਂ ਨੂੰ ਨਾ ਆਉਣ ਦਿੱਤਾ ਜਾਵੇ ਇਸਦਾ ਵਧੀਆ ਤਰੀਕਾ ਇਹ ਹੈ ਕਿ ਚੰਗੀਆਂ ਕਿਤਾਬਾਂ ਪੜ੍ਹੀਆਂ ਜਾਣ। ਰਾਤ ਨੂੰ ਸੌਣ ਸਮੇਂ ਕਿਸੇ ਮਹਾਨ ਲੇਖਕ ਦੀ ਪੁਸਤਕ ਦੇ ਚਾਰ ਪੰਜ ਪੰਨੇ ਪੜ੍ਹਨ ਨਾਲ ਨੀਂਦ ਚੰਗੀ ਆਵੇਗੀ, ਸੁਪਨੇ ਮਾੜੇ ਨਹੀਂ ਆਉਣਗੇਂ, ਚੰਗੀ ਤਰ੍ਹਾਂ ਬੀਤੀ ਰਾਤ ਤੋਂ ਬਾਅਦ ਆਇਆ ਦਿਨ ਵੀ ਸੁਹਾਵਣਾ ਹੁੰਦਾ ਹੈ।

# ਰਾਗ ਮਾਲਾ

## ਭਾਈ ਕਰਮ ਸਿੰਘ ਰਤਨ

3121, ਗਲੀ 3, ਨਵੀਂ ਸ਼ਿਮਲਾ ਕਲੋਨੀ, ਨੇੜੇ ਕੈਲਾਸ਼ ਨਗਰ, ਲੁਧਿਆਣਾ 141 007

ਬਸੰਤ, ਕੀ ਬਹਾਰ ਆਈ 'ਵੀਣਾਧਰ' 'ਵਿਜਯ' ਗਾਈ,
'ਸਾਜਨ' ਅਤੇ 'ਸੋਹਣੀ' ਮਿਲ ਗਾਈ 'ਸ਼ਿਵ ਰੰਜਨੀ'।
'ਸ੍ਰੀ ਰਾਗ' 'ਸੋਰਠ' ਨੇ, 'ਸਾਂਝ' ਨੂੰ 'ਆਨੰਦ' ਕੀਤਾ,
'ਗੂਜਰੀ' 'ਗੰਧਾਰੀ' ਦੇਖ, ਹੋਈ 'ਕਾਮ ਰੰਜਨੀ'।
'ਭੈਰਵ' ਅਤੇ 'ਰਾਮਕਲੀ' 'ਆਸਾ' ਅਤੇ 'ਆਸਾਵਰੀ'
'ਸ਼ੰਕਰ' ਅਤੇ 'ਸਰਸਵਤੀ' ਬਣੀ 'ਦੇਵਰੰਜਨੀ'।
'ਸ੍ਰੀ ਵੰਤੀ' 'ਸ਼ਯਾਮ' ਮਿਲ 'ਚੰਦਰਕਾਂਤ' 'ਚੰਪਾਕਲੀ'
'ਮੇਘ' ਤੇ 'ਮਲਾਰ' ਮਿਲ, ਬਣੀ 'ਰਸ ਰੰਜਨੀ'।

'ਸਾਰੰਗ' 'ਸੰਧੂਰੀ' ਆਈ 'ਸੂਹਾ' ਅਤੇ 'ਸੂਹੀ' ਗਾਈ
'ਅਰਜ' ਤੇ 'ਆਭੋਗੀ' ਆ ਗਏ 'ਸਰਸ' 'ਸ੍ਰੀ ਰੰਜਨੀ'।
'ਸ਼ਹਾਨਾ' ਤੇ 'ਹਮੀਰ' ਆਏ 'ਕਾਨੜਾ' 'ਕਲਿਆਨ' ਆਏ
'ਕੁਸਮ' ਤੇ 'ਕਾਮੋਦ' ਆ ਕੇ ਗਾਈ 'ਮੇਘ ਰੰਜਨੀ'।
'ਕੇਦਾਰਾ' ਅਤੇ 'ਕਲਾਵਤੀ' 'ਖੱਟ' ਅਤੇ 'ਖੰਭਾਵਤੀ'
'ਗੌਂਡ' ਅਤੇ 'ਗੁਣਵੰਤੀ' ਗਾਈ 'ਜਨ ਰੰਜਨੀ'।
'ਹਿੰਡੋਲ' ਅਤੇ 'ਹੰਸਧੁਨੀ' 'ਮਧੂਕੰਸ' 'ਮਾਲਨੀ' ਜੀ
'ਲਲਤ' ਅਤੇ 'ਲਾਜਵੰਤੀ' ਗਾਈ 'ਲੋਕ ਰੰਜਨੀ'।

'ਨੱਟ' ਤੇ 'ਨਾਰਾਇਣ' ਆਏ, 'ਕੁੰਤ' ਤੇ 'ਕਮਲ' ਆਏ
'ਗਉੜੀ' ਤੇ 'ਗੰਭੀਰ' ਆਏ, 'ਹਰਖ' 'ਹੰਸ ਮੰਜਰੀ'।
'ਚੰਪਕ' ਅਤੇ 'ਗੁਣਕਲੀ' 'ਚੰਦਰ ਕੌਂਸ' 'ਚੰਦਰ ਬਿੰਬ'
'ਜੋਗ' ਅਤੇ 'ਜੋਗੀਆ' ਨੇ ਗਾਈ ਸੀ 'ਪੁਰੰਦਰੀ'।
'ਜੈਤ' ਅਤੇ 'ਜੈਤਸਰੀ' ਜੀ, 'ਜੈ ਰਾਜ' 'ਜੈਜੈਵੰਤੀ'
'ਛਾਇਆਨਟ' 'ਪੰਚਮ' 'ਪਰਜ' 'ਪਟ ਮੰਜਰੀ'।
'ਰਾਮਾ' ਤੇ 'ਰਿਮਾਵਲੀ' 'ਰਸਾਲੀ' ਅਤੇ 'ਰਸਚੰਦ'
'ਰਾਗੇਸ਼ਰੀ' 'ਰਾਜੇਸ਼ਰੀ' ਤੇ 'ਮਾਝ' 'ਰੁਦ੍ਰ ਮੰਜਰੀ'।

'ਭੂਪਾਲੀ' ਆਂ 'ਭਵਾਨੀ' ਗਾਈ, 'ਮੁਲਤਾਨੀ'
ਗਾਣ 'ਭਰਵੀ' ਨੂੰ
'ਟੋਡੀ' ਗਾਉਣ 'ਜੌਨਪੁਰੀ' 'ਬਿਭਾਸ' ਤੇ 'ਬਘੇਸਰੀ'।
'ਯਮਨ' ਵਾਲੇ ਸਾਰੇ ਹੀ, 'ਤਿਲੰਗ' ਤੇ 'ਤੁਖਾਰੀ' ਗਾਣ
'ਬੰਗਾਲ' ਵਿਚ ਗਾਂਦੇ, ਸਭ 'ਦੁਰਗਾ' ਤੇ 'ਜੋਗੇਸ਼ਰੀ'।

'ਭੀਮ ਪਲਾਸੀ' 'ਰੰਜਨੀ' ਸਭ ਮਿਲ ਕੇ 'ਪਹਾੜੀ' ਗਾਣ
'ਪੂਰਬੀ' ਵੀ ਗਾਉਂਦੇ, ਸਭ 'ਪੂਰੀਆ' 'ਧਨਾਸਰੀ'।
ਸਾਰੇ 'ਦੇਸ' ਵਿਚ ਹੀ 'ਦਰਬਾਰੀ' ਗਾਉਂਦੇ 'ਦੇਸ਼ਕਾਰ'
'ਦੇਸੀ' ਮਿਲ ਗਾਉਂਦੇ ਸਾਰੇ, 'ਧਾਨੀ' ਮਿਲ
'ਮਾਲਸਿਰੀ'।
'ਦੀਪਕ' ਤੇ 'ਜਲਧਾਰਾ' 'ਤ੍ਰਿਬੇਣੀ' ਅਤੇ 'ਮਾਂਡ' 'ਮਾਰੂ'
'ਮਾਰਵਾ' ਤੇ 'ਮਾਲ ਗੂੰਜੀ' 'ਬਿਲਾਵਲ' ਮਿਲ ਗਾਯਾ ਹੈ।
'ਦੇਵ ਗੰਧਾਰ' 'ਭਟਿਹਾਰ' 'ਪੀਲੂ' ਅਤੇ 'ਪੁਸ਼ਪ' ਰਾਗ
'ਪ੍ਰਭਾਤੀ' ਅਤੇ 'ਪਟਦੀਪ' 'ਨੰਦ' ਵੀ ਸੁਨਾਇਆ ਹੈ।
'ਬਿਹਾਗ' ਤੇ 'ਬੈਰਾੜੀ' 'ਬੈਰਾਗੀ' ਅਤੇ 'ਭੋਗ' 'ਭਉਰਾ'
'ਭੀਖਕ' ਅਤੇ 'ਮਲਾਕੌਂਸ' 'ਮਸਤ ਅੰਗ' ਗਾਇਆ ਹੈ।
'ਭੁਜੰਗ' ਤੇ 'ਵਡਹੰਸ' 'ਵੈਜੰਤੀ' ਅਤੇ 'ਮਧਵੰਤੀ'
'ਬਿਲਾਸਖਾਨੀ' 'ਮਨੋਹਰੀ' ਮਿਲ 'ਦੀਪ-ਰਤਨ'
ਗਾਇਆ ਹੈ।

***ਰਾਗ ਮਾਲਾ ਵਿਚ ਆਏ ਰਾਗਾਂ ਦੇ ਨਾਮ ਤੇ ਗਿਣਤੀ***

| | |
|---|---|
| 1. ਆਨੰਦ | 18. ਸੂਹਾ |
| 2. ਆਸਾ | 19. ਸੂਹੀ |
| 3. ਆਸਾਵਰੀ | 20. ਸਰਸ |
| 4. ਅਰਜ | 21. ਸ੍ਰੀ ਰੰਜਨੀ |
| 5. ਆਭੋਗੀ | 22. ਸ਼ਹਾਨਾ |
| 6. ਸਾਜਨ | 23. ਹਮੀਰ |
| 7. ਸੋਹਣੀ | 24. ਹਿੰਡੋਲ |
| 8. ਸ਼ਿਵਰੰਜਨੀ | 25. ਹੰਸਧਨੀ |
| 9. ਸ੍ਰੀ ਰਾਗ | 26. ਹਰਖ |
| 10. ਸੋਰਠ | 27. ਹੰਸ ਮੰਜਰੀ |
| 11. ਸਾਂਝ | 28. ਕਾਮ ਰੰਜਨੀ |
| 12. ਸ਼ੰਕਰ | 29. ਕਾਨੜਾ |
| 13. ਸਰਸਵਤੀ | 30. ਕਲਿਆਣ |
| 14. ਸ੍ਰੀ ਵੰਤੀ | 31. ਕੁਸਮ |
| 15. ਸ਼ਯਾਮ | 32. ਕਾਮੋਦ |
| 16. ਸਾਰੰਗ | 33. ਕੇਦਾਰਾ |
| 17. ਸੰਧੂਰੀ | 34. ਕਲਾਵਤੀ |

35. ਕੁੰਭ
36. ਕਮਲ
37. ਖੱਟ
38. ਖੰਭਾਵਤੀ
39. ਗੂਜਰੀ
40. ਗੰਧਾਰੀ
41. ਗੌਂਡ
42. ਗੁਣਵੰਤੀ
43. ਗਉੜੀ
44. ਗੰਭੀਰ
45. ਗੁਣਕਲੀ
46. ਚੰਦਰਕਾਂਤ
47. ਚੰਪਾਕਲੀ
48. ਚੰਪਕ
49. ਚੰਦਰਕੌਂਸ
50. ਚੰਦਰ ਬਿੰਬ
51. ਛਾਇਆ ਨਟ
52. ਜਨ ਰੰਜਨੀ
53. ਜੋਗ
54. ਜੋਗੀਆ
55. ਜੈਤ
56. ਜੈਤਸਰੀ
57. ਜੈ ਰਾਜ
58. ਜੈਜੈਵੰਤੀ
59. ਜੌਨਪਰੀ
60. ਜਲਧਾਰਾ
61. ਟੋਡੀ
62. ਤਿਲੰਗ
63. ਤੁਖਾਰੀ
64. ਤ੍ਰਿਬੇਣੀ
65. ਦੇਵ ਰੰਜਨੀ
66. ਦੁਰਗਾ
67. ਦੇਸ
68. ਦਰਬਾਰੀ
69. ਦੇਸ਼ਕਾਰ
70. ਦੇਸੀ
71. ਦੀਪਕ
72. ਦੇਵ ਗੰਧਾਰ
73. ਦੀਪਰਤਨ
74. ਧਨਾਸਰੀ
75. ਧਾਨੀ
76. ਨੱਟ
77. ਨਾਰਾਇਣ
78. ਨੰਦ
79. ਪੁਰੰਦਰੀ
80. ਪੰਚਮ
81. ਪਰਜ
82. ਪਟਮੰਜਰੀ
83. ਪਹਾੜੀ
84. ਪੂਰਬੀ
85. ਪੂਰੀਆ
86. ਪੀਲੂ
87. ਪੁਸ਼ੱਪ
88. ਪ੍ਰਭਾਤੀ
89. ਪਟਦੀਪ
90. ਬਸੰਤ
91. ਬਹਾਰ
92. ਬਿਭਾਸ
93. ਬਘੇਸ਼ਰੀ
94. ਬੰਗਾਲ
95. ਬਿਲਾਵਲ
96. ਬਿਹਾਗ
97. ਬੈਰਾੜੀ
98. ਬੈਰਾਗੀ
99. ਬਿਲਾਸਖਾਨੀ
100. ਭੈਰਵ
101. ਭੂਪਾਲੀ
102. ਭਵਾਨੀ
103. ਭੈਰਵੀ
104. ਭੀਮ ਪਲਾਸੀ
105. ਭਟਿਹਾਰ
106. ਭੋਗ
107. ਭਉਰਾ
108. ਭੀਖਕ
109. ਭੁਜੰਗ
110. ਮੇਘ
111. ਮਲ੍ਹਾਰ
112. ਮੇਘ ਰੰਜਨੀ
113. ਮਧੂਕੰਸ
114. ਮਾਲਨੀ
115. ਮਾਝ
116. ਮੁਲਤਾਨੀ
117. ਮਾਲਸਿਰੀ
118. ਮਾਂਡ
119. ਮਾਰੂ
120. ਮਾਰਵਾ
121. ਮਾਲਗੁੰਜੀ
122. ਮਾਲਕੌਂਸ
123. ਮਸਤ ਅੰਗ
124. ਮਧਵਤੀ
125. ਮਨੋਹਰੀ
126. ਯਮਨ
127. ਰਾਮਕਲੀ
128. ਰਸ ਰੰਜਨੀ
129. ਰਾਮਾ
130. ਰੋਮਾਵਲੀ
131. ਰਸਾਲੀ
132. ਰਸਚੰਦ੍ਰ
133. ਰਾਗੇਸ਼ਰੀ
134. ਰਾਜੇਸਰੀ
135. ਰਦ੍ਰ ਮੰਜਰੀ
136. ਰੰਜਨੀ
137. ਲਲਤ
138. ਲਾਜਵੰਤੀ
139. ਲੋਕ ਰੰਜਨੀ
140. ਵੀਣਾਧਰ
141. ਵਿਜਯ
142. ਵਡਹੰਸ
143. ਵੈਜੰਤੀ

# भारतीय संगीत में अवनद्ध वाद्यों की उपयोगिता


**मुरली मनोहर**

संगीत विभाग
गुरू नानक देव विश्वविद्यालय, अमृतसर


भारतीय संगीत के प्रति अनादि काल से मानव की अभिरूचि रही है। भारतीय संगीत के गौरवमयी इतिहास को किसी विकल्प की आवश्यकता नहीं इसकी मौलिक सांस्कृतिक धरोहर ने मानव मस्तिष्क को समृद्धिशील और गौरवमयी किया तथा इस ललित कला मे नाद, ब्रह्म का उद्घोष करके मानव की चित्तवृत्तियों को मोक्ष के सोपान तक पहुंचाया एवंम उसकी अन्र्तात्मा में चेतना को उजागर किया। भारतीय संगीत के स्वर साम्राज्य में मन का रंजन करते हुए अह्लादकारी स्पर्श अनुभूत किए इसकी सापेक्षता किसी की परिभाषा की मोहताज नहीं। भारतीय संगीत की पृष्टभूमि संवेदनशील ह्रदय को भी रूपांतरित करती है। शब्द और स्वर का जोड़ ईश्वर उपासना के लिए सहायक सिद्ध हुआ। स्वरों का आपसी संयोजन अन्तर्निहित भावों को तरंगित करते हुए संगीत के माध्यम से व्यवस्थित रूप से प्राकृतिक आधार का क्रमिक विकास करते हुए संगीत के यथार्थ रूप को अभिव्यक्त करता है। जैसे–जैसे मानव का क्रमिक विकास होता गया संगीत से उसका एकाधिकार निर्मित होता गया। स्वर, ताल, पद आदि संगीत के विभिन्न तत्वों को मानसिक उहापोह से मुक्त कर देता है। भारतीय संगीत कला का संचालन ध्वनि और गति के मिश्रण से गायन, वादन, नृत्य में समाविष्ट होता गया एवम् संगीत की प्रकृति में समाविष्ट नाद और गति में मानव की विलक्षण बुद्धि को परिमार्जित रूप प्रदान कर देता है। संगीत के क्षेत्र चाहे गायन या वादन हो का मुलाधार स्वर और लय ही है। अर्थात् कंठ संगीत में जहां विभिन्न शैलीयां विभिन्न–विभिन्न सांगीतिक क्रियाऐं आदि रचनायें ही स्वर और लय पर आधारित नहीं हैं बल्कि वादन संगीत में भी यह दोनों तत्वों के आधार पर वाद्यों का अविष्कार और क्रमिक विकास हुआ ।

वाद्यों की परम्परा में सबसे पुरातन अवनद्ध वाद्यों को माना जा सकता है। इस लिये संगीत जगत में वादन के क्षेत्र में अवनद्ध वाद्यों की महत्ता और भूमिका अनुकरणीय है। स्वर और ताल का जोड़ नियमों और सिद्धांतों का प्रकटीकरण करता है क्योंकि यह तो सर्वविदित है कि संगीत में जितना स्वर का महत्व है उतना ताल का भी। संगीत सारभौमिक कला है जो देश काल और परिस्थिति से परे अपना एक अलग स्थान रखती है। अवनद्ध वाद्यों का वादन प्रगति उनकी बनावट और कलारूपों में इनका अवलम्बन असीमित भावनाओं का द्योतक है। हमारे प्राचीन मनीषियों ने प्राचीनतम और आधुनिकतम् अवनद्ध वाद्यों को एकत्रित करने के भागीरथ प्रयास किए और इनके अनुसंधान और शोध में विभिन्न कार्यों को करके इसकी आधारभूत परम्परा का मूल्यांकन किया। अवनद्ध वाद्यों की उपयोगिता में जो तथ्य दृष्टिगोचर हुए उनका विश्लेषण बहुत से निष्कर्ष बिन्दुओं को छुआ। जिनका संकलन हमारे संगीत जगत के इतिहास में प्रायोगिक रूप से आज तक विद्यमान है। वादन के क्षेत्र में अवनद्ध वाद्यों की तकनीक को समझने में संगीत के विद्वानों का मार्गदर्शन हमारे ग्रंथों में उनके प्रति कृतज्ञता का द्योतक है। अवनद्ध वाद्यों की सूक्ष्म और जटिल समस्याओं का समाधान विभिन्न घरानेदार उस्तादों ने अपने भौतिक प्रयत्नों से सरल किया और संगीत की दुनियां में वादन क्षेत्र की स्थिति सौन्दर्यात्मक, ऐतिहासिक, दार्शनिक अनुभवों से

प्रभावित हुई। गायन, वादन, नृत्य संगीत की प्रमुख तीन विधाओं में अवनद्ध वाद्यों की उपयोगिता का अपना एक विस्तृत क्षेत्र है। इस क्षेत्र में तबला, पखावज, मृदंगम आदि वाद्यों का प्रचलन आज तक संगीत की परिपाटी के रूप में निरन्तर गतिशीलता की और बढ़ रहा है और संगीत का रसिक समाज इनकी आनन्ददायक, माधुर्यमयी अवधारणा से अविभूत है।

अवनद्ध वाद्यों की ऐतिहासिक पृष्ठता:

भारतीय संगीत जगत में अवनद्ध वाद्यों का प्राचीन आधार विश्लेषणात्मक दृष्टि से उनकी ऐतिहासिक पृष्टभूमि का मूल्यांकन करता है। "प्राचीन गुफाओं में अवनद्ध वादक, वादिकाओं की कलाकृतियों से यह स्पष्ट होता है कि त्रिपुष्कर वाद्यों के दो हिस्से खड़े और एक हिस्सा लेटा रहता था। पुष्कर वाद्यों के निर्माण में उर्ध्वक मुखी दुंदुभि का आधार होने से यह सहज ही अनुमान होता है कि स्वाति मुनि ने त्रिपुष्कर के खड़े हुए उर्ध्वक व अलिंग्यनामक दो उर्ध्वकमुखी भागों को पहले बनाया होगा। जिसमें से उर्ध्वक मुखी को उर्ध्वक नाम दिया गया और अलिंगित भाग को अलिंग्य कहा गया।"1

वैदिक युग में वाद्यों की स्थिति और उसके विविध अंगों को विस्तृत करती है। वैदिक साहित्य की व्याख्या करने वाले 'ब्राह्मण', आरण्यक, उपनिषद् आदि ग्रंथ तत्कालीन रीतिरिवाजों पर प्रकाश डालते हुए सूत्र ग्रंथों में वाद्यों का उल्लेख मिलता है। संगीत की वैदिक परम्परा में भी गायन के साथ वाद्यों का प्रयोग होता रहा जो वैदिक संगीत से संबंधित धार्मिक वाद्यों में प्रचलित रहा। वैदिक संगीत में सामगान का एवम् यज्ञान्तगान से भी अवनद्ध वाद्यों का प्रयोग इसकी वैदिक परम्परा को उद्धृत करता है। "परवर्ती दुंदुभि जोकि एक बड़े नगाड़े जैसा था वह भी उर्ध्वकमुखी रूप में बजाया जाता था अतएव इन सूत्रों से ज्ञात होता है कि उर्ध्वकमुखी अवनद्ध वाद्य पार्श्वमुखी अवनद्ध वाद्यों की अपेक्षा अधिक प्राचीन है। पाश्चात्य विद्वान् कर्टसैक्स के मतानुसार भी उर्ध्वकमुखी अवनद्ध वाद्य अधिक प्राचीन है।"2 कालान्तर में रामायण काल में भी अवनद्ध वाद्यों की स्थिति जनमानस को प्रभावित करने में भी अछूती नहीं रही। यह तो सर्वविदित सत्य है कि श्री राम के जन्म एवम् उनके विवाह पर दुंदुभियां बजने लंगी थी और इसके अतिरिक्त राज्याभिषेक की तैयारी में दुंदुभियों के अतिरिक्त अन्य वाद्यों का प्रयोग व्यापक रूप से हुआ था। महाभारत काल के अंतर्गत भी युद्ध जीतने के उल्लासित उन्माद में दुंदुभि, नगाड़ा, मृदंग, हडुक्का भैरी आदि का गुंजायमान स्वरोदय मुख्य रूप से आकर्षण का केन्द्रबिन्दु रहा। भरतमुनि काल में रचित नाट्यशास्त्र का विस्तार करते हुए उन्होंने अवनद्ध वाद्यों के अंगों और उपांगों का विवेचन किया है "नाट्यवेशम के शिलान्यास पर शंख, दुंदुभि, मृदंग, पर्णव इत्यादि समस्त तुर्यों का वादन किया जाना चाहिए, ऐसा नाट्शास्त्र का आदेश है।"3

मध्यकाल में अवनद्ध वाद्यों की प्रगति और विकास का क्रम प्राचीन काल की तरह परम्परागत रूप से विकसित होता गया और वादन क्षेत्र में महान परिवर्तन होने के साथ साथ इनकी रचनात्मक शैली में नये नये रूपों का निरन्तर क्रमबद्ध विकास इसकी प्राचीन धरोहर को सार्थक करता है। मुगलवंश के इतिहास से मध्यकालीन अवनद्ध वाद्यों का इतिहास इस बात को दृष्टिपात् करता है। "इस काल में संगीत रत्नाकर के वाद्याध्याय में मृदंग पटह, मर्दल, हुडुक्का, करटा, धड़स, घट, ढक्का, रून्ज डमरू, झल्लरी, दुंदुभि, भैरी, निसान आदि चर्म वाद्यों का उल्लेख है।"4 मुगलवंश के समय में संगीत कला के क्षेत्र में अधिकतर उन्नति हुई और इसका प्रचार और प्रसार हुआ। सुल्तान अकबर ने अपनी रचित आईने अकबरी में अवनद्ध वाद्यों का उल्लेख करके इसकी प्राचीन धारणा को सिद्ध करने को पूर्ण किया और अवनद्ध वाद्यों के प्रति आईने अकबरी में अपना पृथक

दृष्टिकोण इस तरह से प्रतिस्थापित किया जो मुगलवंश के इतिहास को एक सुदृढ़ परिभाषा प्रदान करता है।

आधुनिक काल में 18वीं शताब्दी के उत्तरार्द्ध में भारत पर अंग्रेजों का आधिपत्य स्थापित हुआ। जिसमें एक अर्थ में यह दुर्भाग्य रहा कि संगीतज्ञों को अपने प्रति अंग्रेजों के उपेक्षित उदासीन रवैये के कारण विभिन्न प्रकार की समस्या का सामना करना पड़ा। परन्तु फिर भी वादनक्षेत्र की विभिन्न उत्कृष्ट कला के अधीन अवनद्ध वाद्यों ने अपने सौंदर्य पर किसी प्रकार का दाग लगने नहीं दिया और यह परम्परागत चली आ रही परिपाटी भारतीय संगीत को आज तक सौंदर्य मुखरित किए हुए है। आधुनिककाल में भारतीय शास्त्रीय संगीत के अंतगर्त अवनद्ध वाद्यों की परम्परागत शैली संगीत सरिता की अविरत धारा को प्रवाहित कर रही है जिसके कारण संगीत वाद्यों की श्रेष्ठता और महत्ता जनसाधारण तक अभिरूचि का प्रगाढ़ प्रयास है। स्वाधीन भारत में संगीत का प्रसार तीव्र गति से हुआ और बहुत प्रचलित अवनद्ध वाद्य में से कुछ महत्वपूर्ण वाद्य लोकप्रिय बने जिसको इस ललित कला के प्रेमियों ने स्वीकार किया और इसका पारस्परिक विवेचनात्मक अध्ययन करके सृजनात्मक और रचनात्मक ढंग से श्रोताओं के सन्मुख रखा। जिसका प्रभाव यह पड़ा कि आज से आधुनिक युग में समाज का शिक्षित वर्ग एवं जनसाधारण इन अवनद्ध वाद्यों की गुंजायमान ध्वनि से भावविभोर हुआ। यह हृदय स्पर्शित भारतीय संगीत राष्ट्रीय संकीर्णताओं से परे विश्व के कोने-कोने तक अवनद्ध वाद्यों का प्रसार करने में सहायक सिद्ध हुआ और अवनद्ध वाद्यों का यह अविभाज्य अंग इनके संरक्षण और संवर्द्धन के लिए चर्मवाद्यों की विशिष्ट शैली का द्योतक बना एवं लोकरंजन की दृष्टि से पर्याप्त रूप से सक्षम है। आधुनिक युग में बहुत सी सामाजिक समस्याओं के होते हुए भी परम्परागत चले आ रहे अवनद्ध वाद्यों ने अपनी रंजकता और मोहकता नहीं छोड़ी। भारतीय संगीत में ताल और काल का माप करने में तबला, पखावज, मृदंग, प्रमुख रूप से मुखरित हुए और संगीत जगत में यह ताल वाद्य सर्वाधिक लोकप्रिय है। आजकल इनका व्यवहारिक रूप प्रयोगात्मक दृष्टि से अनंत संभावनाओं को वास्तविक रूप प्रदान करने में बीजरूप से लालित्यपूर्ण है। इनकी आकृति रचना, बनावट जितनी सुन्दर है उतनी रंजकता की दृष्टि से भी पीछे नहीं है। आधुनिक समय में इनका क्रमिक विकास अपनी श्रुद्रता से नहीं बल्कि व्यापकता से सम्पूर्ण विश्व को अपने आप में ताल के माध्यम से बांधने में एक परिपक्व पूर्ण कृत्य है। आधुनिक समय में दिग्गज, गुणी और कलावन्त विद्वान तबला पखावज और मृदंग चर्मोत्कृष्ट भावों को छूते हुए विश्व में समान के दृष्टिकोण से देखे जाते हैं। इन अवनद्ध वाद्यों का व्याकरण इनकी विशिष्ट शैली इनका चरणबद्ध विकास समस्त जगत को प्रभावित करता है और इन आधुनिक रूप से प्रचलित हुए अवनद्ध वाद्यों का पुनरूत्थान भारतीय संस्कृति को चार चांद लगा रहा है।

अवनद्ध वाद्यों की उपयोगिताः

गायन, वादन और नृत्य में अवनद्ध वाद्यों का विशेष स्थान है। इनकी उपयोगिता संगीत की इन तीनों प्रमुख शैलियों मं अत्यधिक महत्वूपर्ण है। अवनद्ध वाद्यों के साथ इनकी आपसी पारस्परिक सम्बद्धता सौन्दर्यमूलक है। संगीत में सौन्दर्य तत्व की दृष्टि से तालपक्ष स्वर को श्रृंगारित करने में अपनी विशिष्ट भूमिका रखता है और ताल के अंतर्गत आने वाले अवनद्ध वाद्यों की उपयोगिता इसकी सौन्दर्य चेतना को बढ़ाती है। इन अवनद्ध वाद्यों की उपयोगिता का आभास लेकर संगीत सत्यम्, शिवम् सुन्दरम् के सर्वोत्कृष्ट भावों को छूता है। संगीत का सृजन और इसकी उपयोगिता चेतना की उत्कर्ष की ओर ले जाती है। संगीत का मर्मज्ञ समाज इस बात से भलीभांति परिचित है कि रागरागनियों

की मादकता, करूणा, विनोद, उत्सुकता, प्रतिष्ठा बिना ताल के अधूरी सी लगती है। इसलिए अवनद्ध वाद्यों की प्राचीन आधुनिक समय में उपयोगिता स्वतः सिद्ध है। ये एकमात्र सकीर्ण धारणा नहीं बल्कि कला का अनुभूति पूर्ण विकास इनके रस तत्वों को छूकर इसमें नवीन कलात्मक चेतना प्रदान करता है। संगीत के विभिन्न समारोहों में श्रोताओं को 'आनन्द की विशिष्ट अनुभूति इस कला में स्वर सौन्दर्य और ताल सौन्दर्य दोनों के पारस्परिक भावों के प्रकटीकरण से मिली है। इनकी परस्पर गणित प्रस्तुतीकरण संगीत के समस्त संतुलित स्वरूप को असीमित स्वरूप प्रदान करता है।

वर्तमान समय में प्रयुक्त होने वाले वाद्य जिनमें प्रमुख रूप से तबला, पखावज, मृदंग अपनी गतिबद्धता से संगीत में मुखरित तालों का अवलम्बन कर रहे हैं। इसलिए राग और ताल का आपसी बेजोड़ मिलन एक विशिष्ट रस निष्पत्ति करता है। अवनद्ध वाद्यों की उपयोगिता इनमें छिपी हुई स्पन्दित, आन्दोलित और आध्यात्मिक आनन्द की प्राप्ति कराने में अद्वितीय है। तबला आज किसी परिभाषा का मोहताज नहीं। गायन की विभिन्न शैलियों से इसका प्रचलन और प्रसार इस बात को उजागर करता है कि यह प्राचीन उर्ध्वक मुखी वाद्य आज भारतीय समाज में कितनी प्रतिष्ठा का परिचायक है। इस वाद्य के परम्परागत घरानों ने इस पर अपना अत्याधिक तल्लीनता से ध्यान देकर इस वाद्य को अवनद्ध वाद्यों की मुख्य श्रेणियों में अभिव्यक्त किया और संगीत की प्रमुख तीन गायन, वादन और नृत्य शैलियों में इसकी परम आवश्यकता का एहसास दिलाया और संगीत में अवनद्ध वाद्यों की उपयोगिता का रसास्वादन कर श्रोताओं को मन्त्रमुग्ध किया। आज यह अवनद्ध वाद्य संगीत को गति प्रदान करने में प्राचीन संगीत मनीषियों का भगीरथ प्रयत्न का मूल्यांकन है। संगीत में लय, ताल एक माधुर्यपूर्ण अभिव्यक्ति है। जिसमें स्थिरता, चंचलता, चैनादारी, ठेहराव आदि समस्त गतियों गायन, वादन, नृत्य को विभिन्न भावों से उजागर करने में गतिशील है। भारतीय संगीत जगत में इन अवनद्ध वाद्यों की परम्परा इतनी समृद्ध और विशाल है कि कालान्तर में इनके परिवर्तन होते रहे और इन अवनद्ध वाद्यों का निर्माण पूर्णतः नवीनता एवम् इसकी प्रासंगिकता को एकाकार किए हुए है। मांगलिक अवसरों पर इन अवनद्ध वाद्यों का प्रयोगिक रूप वर्तमान समय की मुख्य विशेषता है और आज के युग में इनकी महत्ता और उपयोगिता विद्यमान है।

उपरोक्त तथ्यों से यह ज्ञात होता है कि संगीत में अवनद्ध वाद्यों की उपयोगिता को नकारात्मक दृष्टि से नहीं देखा जा सकता बल्कि हिन्दोस्तानी संगीत पद्धति में कला के उद्देश्य से इनकी उपयोगिता का विशिष्ट आनन्द है और इनका प्रत्यक्ष प्रमाण विकसित रूप से संवेदनशील है और विश्व स्तर तक होने वाले संगीत सम्मेलनों में गायन, वादन, नृत्य के साथ इन अवनद्ध वाद्यों का उपयोग आवश्यक है और इनकी प्रयोगिक परिभाषा है। सारांश में हम इस निष्कर्ष में पहुंचते है कि यह भारतीय प्राचीन वाद्य संगीत के गौरवमयी इतिहास से आधुनिक रूप तक अलौकिक आनन्द उत्पन्न करने में सक्षम है।

# ਸੁਰ ਲਿਪੀਆਂ

ਗੁਰਨਾਮ ਸਿੰਘ

ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## आसा

आसा राग गुरमति संगीत परंपरा का प्रमुख राग है जिसे इस परंपरा में सुबह और शाम को गाया जाता है। पंजाबी लोक संगीत से विकसित यह राग *टुण्डे असराजे की वार की धुनि* पर गाया जाता है। सिक्ख मर्यादा के अंतर्गत प्रात: काल गुरवाणी संगीत में गाई जाने वाली रचना *आसा दी वार* इसी राग पर आधारित है। राग आसा में सभी स्वर प्रयोग किये जाते हैं किन्तु आरोह में गंधार एवं निषाद वर्जित हैं।

वादी-संवादी : मध्यम-षड़ज — थाट: बिलावल

समय : प्रात:काल तथा सायंकाल संधिप्रकाश — जाति: औड़व-सम्पूर्ण

आरोह : स रे म, प, ध सं।

अवरोह : सं नी ध प, म, ग रे स रे ग स।

मुख्य अंग : रे म, प, ध सं, नी ध प म, ग स रे ग स।

स्वर विस्तार :

1. स, स रे ग स, स ऩी ध़ प़, प़ ध़ ऩी ध़, प़ ध़ स, स रे ग रे ग स, स रे म, म प, प ध प म, ग रे ग स।
2. रे म, म प ध प म, प ध नी ध प, म प ध, प ध सं, सं रें सं, सं रें गं रें गं सं, सं रें मं, गं रें गं सं, सं रें सं नी ध, प ध सं नी ध प, म, प म ग, स रे ग स।

☬

*आसा महला १*

आखा जीवा विसरै मरि जाउ।।
आखणि अउखा साचा नाउ।।
साचे नाम की लागै भूख।।
उतु भूखै खाइ चलीअहि दूख।।१।।
सो किउ विसरै मेरी माइ।।
साचा साहिबु साचै नाइ।।१।। रहाउ।।
साचे नाम की तिलु वडिआई।।
आखि थके कीमति नही पाई।।
जे सभि मिलि कै आखण पाहि।।
वडा न होवै घाटि न जाइ।।२।।
ना ओहु मरै न होवै सोगु।।
देदा रहै न चूकै भोगु।।
गुणु एहो होरु नाही कोइ।।
ना को होआ ना को होइ।।३।।
जेवडु आपि तेवड तेरी दाति।।
जिनि दिनु करि कै कीती राति।।
खसमु विसारहि ते कमजाति।।
नानक नावै बाझु सनाति।।४।।

(श्री गुरु ग्रंथ साहिब, ९)

# राग आसा

# दीपचंदी ताल

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| स्थाई | | | रे | – | म | – | प | प | – | ध | नी | प | ध |
| | | | सो | ऽ | किउ | ऽ | वि | स | ऽ | रै | ऽ | ऽ | ऽ |
| सं | – | – | सं | – | – | – | रेंसं | – | नी | रेंसं | सं | नी | ध |
| मे | ऽ | ऽ | री | ऽ | ऽ | ऽ | म | ऽ | ऽ | ह | ऽ | ऽ | ऽ |
| – | – | – | ध | – | ध | – | ध | – | प | प | ध | सं | नी |
| ऽ | ऽ | ऽ | सा | ऽ | चा | ऽ | सा | ऽ | ऽ | हि | ऽ | बु | ऽ |
| ध | प | – | प | ध | प | म | प | – | म | ग | रे | स | रे |
| ऽ | ऽ | ऽ | सा | ऽ | चै | ऽ | ना | ऽ | ऽ | इ | ऽ | ऽ | ऽ |
| स | – | – | | | | | | | | | | | |
| ऽ | ऽ | ऽ | | | | | | | | | | | |
| अंतरा | | | प | – | ध | प | ध | सं | – | सं | – | – | – |
| | | | आ | ऽ | सा | ऽ | जी | ऽ | ऽ | वा | ऽ | ऽ | ऽ |
| – | – | संसं | सं | रें | रें | सं | संगं | रें | गं | रेंसं | – | नीध | – |
| ऽ | ऽ | विस | रै | ऽ | म | रि | जाऽ | ऽ | ऽ | उ | ऽ | ऽ | ऽ |
| प | – | – | ध | – | ध | ध | ध | – | प | प | ध | सं | नी |
| ऽ | ऽ | ऽ | आ | ऽ | स | गि | अउ | ऽ | ऽ | सा | ऽ | ऽ | ऽ |
| ध | प | – | प | ध | प | म | प | – | म | ग | रे | स | रे |
| ऽ | ऽ | ऽ | सा | ऽ | चा | ऽ | ना | ऽ | ऽ | उ | ऽ | ऽ | ऽ |
| स | – | – | प | – | ध | प | ध | सं | सं | सं | – | – | – |
| ऽ | ऽ | ऽ | सा | ऽ | चे | ऽ | ना | ऽ | म | की | ऽ | ऽ | ऽ |
| – | – | – | सं | रें | रें | सं | संगं | रें | गं | रेंसं | – | नीध | – |
| ऽ | ऽ | ऽ | ला | ऽ | गै | ऽ | भूऽ | ऽ | ऽ | स | ऽ | ऽ | ऽ |
| प | – | – | ध | ध | ध | – | ध | – | प | प | ध | सं | नी |
| ऽ | ऽ | ऽ | उतु | तु | भू | ऽ | सै | ऽ | ऽ | सा | ऽ | इ | ऽ |
| ध | प | – | प | ध | प | म | प | – | म | ग | रे | स | रे |
| ऽ | ऽ | ऽ | च | ती | अहि | ऽ | दू | ऽ | ऽ | स | ऽ | ऽ | ऽ |
| स | – | – | | | | | | | | | | | |
| ऽ | ऽ | ऽ | | | | | | | | | | | |